ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2328 | 29 December, 2025 Monday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਸਾਊਦੀ ਅਰਬ ਨੇ ਸਭ ਤੋਂ ਵੱਧ ਭਾਰਤੀਆਂ ਨੂੰ ਕੀਤਾ ਡਿਪੋਰਟ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਵਿਦੇਸ਼ ਮੰਤਰਾਲੇ ਨੇ ਰਾਜ ਸਭਾ ਵਿੱਚ ਇੱਕ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ, ਜਿਸ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਸਭ ਤੋਂ ਵੱਧ ਡਿਪੋਰਟ (ਨਿਰਵਾਸਿਤ) ਕਰਨ ਵਾਲਾ ਦੇਸ਼ ਅਮਰੀਕਾ ਨਹੀਂ ਬਲਕਿ ਸਊਦੀ ਅਰਬ ਰਿਹਾ ਹੈ। ਸਰਕਾਰ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2021 ਤੋਂ 2025 ਦੇ ਵਿਚਕਾਰ ਸਊਦੀ ਅਰਬ ਨੇ ਦੁਨੀਆ ਵਿੱਚ ਸਭ ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਿਆ ਹੈ।

ਸਰੋਤਾਂ ਅਨੁਸਾਰ, ਰਿਆਦ ਸਥਿਤ ਭਾਰਤੀ ਮਿਸ਼ਨ ਤੋਂ ਪ੍ਰਾਪਤ ਅੰਕੜੇ ਦੱਸਦੇ ਹਨ ਕਿ ਸਊਦੀ ਅਰਬ ਨੇ ਹਰ ਸਾਲ ਹਜ਼ਾਰਾਂ ਭਾਰਤੀਆਂ ਨੂੰ ਡਿਪੋਰਟ ਕੀਤਾ ਹੈ:

- 2021: 8,887 ਲੋਕ
- 2022: 10,277 ਲੋਕ
- 2023: 11,486 ਲੋਕ
- 2024: 9,206 ਲੋਕ
- 2025 (ਹੁਣ ਤੱਕ): 7,019 ਲੋਕ

ਖਾੜੀ ਦੇਸ਼ਾਂ, ਖਾਸ ਕਰਕੇ ਸਊਦੀ ਅਰਬ ਵਿੱਚ ਭਾਰਤੀਆਂ ਨੂੰ ਕੱਢੇ ਜਾਣ ਦਾ ਕਾਰਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨਾ ਨਹੀਂ ਹੈ। ਇਸ ਦੇ ਮੁੱਖ ਕਾਰਨ ਵੀਜ਼ਾ ਨਿਯਮਾਂ ਦੀ ਉਲੰਘਣਾ, ਲੇਬਰ ਕਾਨੂੰਨਾਂ ਦੀ ਅਣਦੇਖੀ, ਵੀਜ਼ਾ ਦੀ ਮਿਆਦ ਤੋਂ ਵੱਧ ਠਹਿਰਨਾ ਅਤੇ 'ਸਊਦੀਕਰਨ'ਦੀਆਂ ਸਖ਼ਤ ਨੀਤੀਆਂ ਹਨ। ਅਧਿਕਾਰੀਆਂ ਅਨੁਸਾਰ, ਬਿਨਾਂ ਇਜਾਜ਼ਤ ਕੰਮ ਕਰਨ ਜਾਂ ਆਪਣੇ ਮਾਲਕ (ਨਿਯੋਕਤਾ) ਕੋਲੋਂ ਭੱਜ ਜਾਣ ਕਾਰਨ ਵੀ ਅਜਿਹੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।ਸਰੋਤਾਂ ਮੁਤਾਬਕ, ਭਾਵੇਂ ਅਮਰੀਕਾ ਵਿੱਚ ਇਮੀਗ੍ਰੇਸ਼ਨ ਨੀਤੀਆਂ 'ਤੇ ਚਰਚਾ ਗਰਮ ਰਹਿੰਦੀ ਹੈ, ਪਰ ਉੱਥੋਂ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਗਿਣਤੀ ਸਊਦੀ ਅਰਬ ਦੇ ਮੁਕਾਬਲੇ ਕਾਫ਼ੀ ਘੱਟ ਹੈ। ਵਾਸ਼ਿੰਗਟਨ ਡੀ.ਸੀ. ਤੋਂ 2021 ਵਿੱਚ 805 ਅਤੇ 2025 ਵਿੱਚ ਹੁਣ ਤੱਕ 3,414 ਲੋਕਾਂ ਨੂੰ ਡਿਪੋਰਟ ਕੀਤਾ ਗਿਆ ਹੈ। ਅਮਰੀਕਾ ਵਿੱਚ ਵੀ ਜ਼ਿਆਦਾਤਰ ਮਾਮਲੇ ਵੀਜ਼ਾ ਓਵਰਸਟੇਅ (ਮਿਆਦ ਪੁੱਗਣ ਤੋਂ ਬਾਅਦ ਰਹਿਣਾ) ਨਾਲ ਜੁੜੇ ਹੁੰਦੇ ਹਨ।ਭਾਰਤ ਸਰਕਾਰ ਨੇ ਵਿਦੇਸ਼ ਜਾਣ ਵਾਲੇ ਨਾਗਰਿਕਾਂ ਦੀ ਸੁਰੱਖਿਆ ਲਈ ਕਈ ਕਦਮ ਚੁੱਕੇ ਹਨ।

ਈ-ਮਾਈਗ੍ਰੇਟ ਪੋਰਟਲ ਰਾਹੀਂ ਫਰਜ਼ੀ ਏਜੰਟਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ, ਜਿਸ 'ਤੇ ਅਕਤੂਬਰ 2025 ਤੱਕ 3,505 ਤੋਂ ਵੱਧ ਏਜੰਟ ਰਜਿਸਟਰਡ ਸਨ। ਇਸ ਤੋਂ ਇਲਾਵਾ, ਭਾਰਤੀ ਮਿਸ਼ਨਾਂ ਵਿੱਚ 24×7 ਹੈਲਪਲਾਈਨਾਂ ਸਰਗਰਮ ਕੀਤੀਆਂ ਗਈਆਂ ਹਨ ਤਾਂ ਜੋ ਮੁਸੀਬਤ ਵਿੱਚ ਫਸੇ ਭਾਰਤੀਆਂ ਦੀ ਮਦਦ ਕੀਤੀ ਜਾ ਸਕੇ।

**SAUDI ARABIA DEPORTED MORE INDIANS THAN THE USA IN LAST 5 YEARS OR SO**



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ SANJHI SOCH swzJI soc

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਸਫ਼ਰ-ਏ-ਸ਼ਹਾਦਤ

ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਜੋਸਟ, ਜਰਮਨੀ ਵਿਖੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਦਿਨ ਬੁੱਧਵਾਰ 24 ਦਸੰਬਰ 2025 ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਸਨ ਅਤੇ ਦਿਨ ਸ਼ੁੱਕਰਵਾਰ 26 ਦਸੰਬਰ 2025 ਨੂੰ ਭੋਗ ਪਾਇਆ ਗਿਆ। ਭੋਗ ਪਾਉਣ ਉਪਰੰਤ ਸਮੂਹ ਸਾਧ ਸੰਗਤ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਢਾਡੀ ਜਥਾ ਭਾਈ ਸਤਪਾਲ ਸਿੰਘ ਗਰਚਾ, ਆਸਟਰੀਆ ਵਾਲਿਆਂ ਦੇ ਢਾਡੀ ਜਥੇ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਖਾਲਸਾ ਪੰਥ ਸਜਾਉਣ ਤੋਂ ਲੈ ਕੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੱਕ ਦਾ ਇਤਿਹਾਸ ਵੀਰ ਰਸ ਵਿੱਚ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸੱਤਪਾਲ ਸਿੰਘ ਜੀ ਨੇ ਢਾਡੀ ਦਰਬਾਰ ਦੀ ਸ਼ੁਰੂਆਤ ਇਸ ਸ਼ੇਅਰ ਨਾਲ ਕੀਤੀ।

ਸਾਡਾ ਸੰਗਲ ਗੁਲਾਮੀ ਦਾ ਤੋੜ ਦਿੱਤਾ,
ਮੇਲ ਜੋੜ ਕੇ ਚੌਹਾਂ ਸ਼ਰੇਣੀਆਂ ਨੂੰ,
ਵੱਖਰੇ ਮੋੜ ਵੱਲ ਕੌਮ ਨੂੰ ਮੋੜ ਦਿੱਤਾ।
ਤੇਰੇ ਬਾਟਿਓਂ ਅੰਮ੍ਰਿਤ ਦੀ ਬੂੰਦ ਪੀ ਕੇ,
ਤੇ ਫੜ ਕੇ ਚਿੜੀ ਨੇ ਬਾਜ਼ ਮਰੋੜ ਦਿੱਤਾ।
ਇੱਕ ਹੱਥ ਮਾਲਾ ਦੂਜੇ ਤਲਵਾਰ ਦੇ ਕੇ,
ਹੋ ਸਕਦੀ ਭਗਤੀ ਨੂੰ ਇਕੱਠਿਆ ਜੋੜ ਦਿੱਤਾ,
ਸ਼ਕਤੀ ਭਗਤੀ ਨੂੰ ਇਕੱਠਿਆਂ ਜੋੜ ਦਿੱਤਾ।

ਗੁਰੂ ਨਾਨਕ ਪਾਤਸ਼ਾਹ ਦੇ ਲਾਏ ਸਿੱਖੀ ਦੇ ਬੂਟੇ ਨੂੰ ਨੌ ਗੁਰੂ ਸਾਹਿਬਾਨਾਂ ਨੇ ਉਸ ਸਿੱਖੀ ਦੇ ਬੂਟੇ ਨੂੰ ਪਾਣੀ ਲਾ ਕੇ ਜਵਾਨ ਕੀਤਾ। ਗੁਰੂ ਨਾਨਕ ਪਾਤਸ਼ਾਹ ਜੀ ਦੀ ਦਸਵੇਂ ਸਰੂਪ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਅੰਦਰ ਸੰਗਤਾਂ ਨੂੰ ਤਾਰ ਰਹੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ 1675 ਈਸਵੀ ਸੰਮਤ 1732 ਬਿਕਰਮੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਹਿੰਦੂ ਧਰਮ ਬਚਾਉਣ ਲਈ ਸ਼ਹੀਦ ਹੋ ਗਏ ਸਨ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਤਕਰੀਬਨ 24 ਸਾਲ ਤੱਕ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਸਜਾਇਆ। ਖ਼ਾਲਸਾ ਪੰਥ ਸਜਾਉਣ ਨਾਲ ਸਿੱਖਾਂ ਵਿੱਚ ਗੁਰੂ ਸਾਹਿਬ ਜੀ ਨੇ ਐਸਾ ਜੋਸ਼ ਭਰ ਦਿੱਤਾ ਕਿ ਜਿਸ ਨੂੰ ਆਰੇ ਵੀ ਚੀਰ ਨਾ ਸਕੇ, ਲਾਲਚ ਵੀ ਖਰੀਦ ਨਾ ਸਕੇ, ਅੱਗ ਸਾੜ ਨਾ ਸਕੀ। ਗੁਰੂ ਸਾਹਿਬ ਜੀ ਦੀ ਮਹਿਮਾ ਮੁ.ਗਲਾਂ ਤੇ ਹਿੰਦੂ ਰਾਜਿਆਂ ਤੋਂ ਸਹਾਰੀ ਨਾ ਗਈ। ਉਹਨਾਂ ਗੁਰੂ ਸਾਹਿਬ ਜੀ ਤੇ ਕਈ ਹਮਲੇ ਕੀਤੇ ਪਰ ਹਾਰ ਗਏ। ਅਖੀਰ ਸ੍ਰੀ ਅਨੰਦ ਪੁਰ ਸਾਹਿਬ ਵਿੱਚ ਕਿਲ੍ਹੇ ਨੂੰ ਕਈ ਮਹੀਨੇ ਕਈ ਲੱਖਾਂ ਫੌਜਾਂ ਨਾਲ ਘੇਰਾ ਪਾਈ ਰੱਖਿਆ। ਆਖ਼ਰ ਉਹਨਾਂ ਕੁਰਾਨ ਦੀਆਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਜੀ ਨੂੰ ਬਚਨ ਦਿੱਤਾ ਕਿ ਜੇਕਰ ਉਹ ਕਿਲ੍ਹਾ ਖਾਲੀ ਕਰ ਦੇਣ ਤਾਂ ਉਹ ਕੁਝ ਨਹੀਂ ਕਰਨਗੇ। ਕਈ ਮਹੀਨਿਆਂ ਦੇ ਘੇਰੇ ਕਰਕੇ ਕਿਲ੍ਹੇ ਅੰਦਰ ਸਿੰਘਾ ਦੇ ਖਾਣ ਦੀ ਰਸਤ ਵੀ ਖ਼ਤਮ ਹੋ ਚੁੱਕੀ ਸੀ ਜਿਸ ਕਰਕੇ ਕਈ ਸਿੰਘ ਗੁਰੂ ਸਾਹਿਬ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਤੇ ਕਿਲ੍ਹਾ ਛੱਡ ਕੇ ਚਲੇ ਗਏ। ਜਿਸ ਦਿਨ ਗੁਰੂ ਸਾਹਿਬ ਜੀ ਨੇ ਕਿਲ੍ਹਾ ਛੱਡਿਆ ਉਸ ਦਿਨ ਦਾ ਬਿਆਨ ਢਾਡੀ ਜਥੇ ਨੇ ਇਸ ਵਾਰ ਰਾਹੀ ਕੀਤਾ।

ਮੈਨੂੰ ਦੱਸ ਦਿਓ ਦਾਤਾ ਜੀ ਮੁੜ ਕੇ ਕਦੋਂ ਅਨੰਦਪੁਰ ਆਉਣਾ, ਘੋੜਿਆਂ ਦੀ ਬਾਜਾਂ ਵਾਲੇ ਸਤਿਗੁਰ ਕਰੀ ਤਿਆਰੀ ਸੀ,
ਕੁਦਰਤ ਰਾਣੀ ਨੇ ਤੱਕ ਕੇ ਥਾਹਾਂ ਅੰਬਰ ਤੋਂ ਮਾਰੀ ਸੀ,
ਦਿਲ ਭਰ ਕੇ ਸਾਧੂ ਕੇ ਸਾਨੂੰ ਕਿਸ ਨੇ ਧੀਰ ਧਰਾਉਣਾ,
ਮੈਨੂੰ ਦੱਸ ਦਿਓ ਦਾਤਾ ਜੀ ਮੁੜ ਕੇ ਕਦੋਂ ਅਨੰਦਪੁਰ ਆਉਣਾ।
ਇਸੇ ਹੀ ਧਰਤੀ ਤੋਂ ਸਤਿਗੁਰੂ ਨੌਵੇਂ ਤੇਗ਼ ਬਹਾਦਰ ਜੀ,
ਬਣ ਕੇ ਤੁਰੇ ਹਿੰਦ ਦੀ ਚਾਦਰ ਰੁੜ੍ਹਦਾ ਧਰਮ ਬਚਾਵਣ ਲਈ,
ਸੀ ਦੁਖੀਆਂ ਦਾ ਕਿਸ ਨੇ ਜੰਜੂ ਤਿਲਕ ਬਚਾਉਣਾ,
ਮੈਨੂੰ ਦੱਸ ਦਿਓ ਦਾਤਾ ਜੀ ਮੁੜ ਕੇ ਕਦੋਂ ਅਨੰਦਪੁਰ ਆਉਣਾ,
ਮੈਨੂੰ ਦੱਸ ਦਿਓ ਦਾਤਾ ਜੀ ਮੁੜ ਕੇ ਕਦੋਂ ਅਨੰਦਪੁਰ ਆਉਣਾ।

ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੜੀ ਚਮਕੌਰ ਵਿੱਚ ਠਹਿਰਨਾ ਤੇ ਮੁਗਲਾਂ ਦਾ ਕੁਰਾਨ ਦੀਆਂ ਕਸਮਾਂ ਖਾ ਕੇ ਧੋਖਾ ਦੇ ਜਾਣਾ, ਪਿੱਠ ਤੇ ਵਾਰ ਕਰਨਾ, ਗੜ੍ਹੀ ਚਮਕੌਰ ਦੀ ਭਿਆਨਕ ਜੰਗ ਹੋਣਾ,




ਗੁਰੂ ਸਾਹਿਬ ਜੀ ਦਾ ਆਪਣੇ ਸਾਹਿਬਜ਼ਾਦਿਆਂ ਨੂੰ ਸਿੰਘਾਂ ਦੇ ਬਰਾਬਰ ਸਮਝਣਾ, ਬਾਬਾ ਅਜੀਤ ਸਿੰਘ ਦਾ ਜੰਗ ਵਿੱਚ ਜਾਣ ਲਈ ਗੁਰੂ ਪਿਤਾ ਤੋਂ ਇਜਾਜ਼ਤ ਲੈਣਾ ਤੇ ਜੰਗ ਵਿੱਚ ਜੂਝਦੇ ਹੋਏ ਸ਼ਹੀਦ ਹੋ ਜਾਣਾ, ਬਾਅਦ ਵਿੱਚ ਸਾਹਿਬਜਾਦਾ ਜੁਝਾਰ ਸਿੰਘ ਜੀ ਦਾ ਗੁਰੂ ਪਿਤਾ ਤੋਂ ਇਜਾਜ਼ਤ ਲੈਣਾ, ਗੁਰੂ ਸਾਹਿਬ ਜੀ ਦੇ ਮਨਾ ਕਰਨ ਤੇ ਵੀ ਬੇਨਤੀ ਕਰਨਾ ਤੇ ਜੰਗ ਵਿੱਚ ਜਾ ਕੇ ਵੱਡੀ ਉਮਰ ਦੇ ਸਿੰਘਾਂ ਤੋਂ ਵੱਧ ਕੇ ਜੌਹਰ



ਦਿਖਾਉਣੇ ਤੇ ਕਈਆਂ ਵੈਰੀਆਂ ਨੂੰ ਮਾਰ ਮੁਕਾਉਣਾ, ਗੁਰੂ ਸਾਹਿਬ ਦੇ ਢਾਈ ਮਣ ਤੀਰ ਕਮਾਣ ਦੀ ਸਿਫ਼ਤ, ਗੁਰੂ ਸਾਹਿਬ ਦੇ ਸਿੰਘਾਂ ਦੀ ਸਿਫ਼ਤ, ਗੁਰੂ ਸਾਹਿਬ ਜੀ ਦੇ ਬਾਣੇ ਦੀ ਸਿਫ਼ਤ, ਗੁਰੂ ਸਾਹਿਬ ਦੇ ਜੀ ਦਾ ਆਪਣੇ ਸਾਹਿਬਜ਼ਾਦਿਆਂ ਅਤੇ ਆਪਣੇ ਸਿੱਖਾਂ ਵਿੱਚ ਫਰਕ ਨਾ ਕਰਨ ਦੀ ਸਿਫ਼ਤ ਬਹੁਤ ਖੂਬ ਬਿਆਨ ਕੀਤਾ। ਜਦੋਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦੀ ਪਾ ਗਏ ਤਾਂ ਗੁਰੂ ਸਾਹਿਬ ਜੀ ਨੇ ਆਪ ਯੁੱਧ ਵਿੱਚ ਜਾਣਾ ਚਾਹਿਆ। ਪੰਜ ਸਿੰਘਾ ਨੇ ਗੁਰੂ ਸਾਹਿਬ ਜੀ ਨੂੰ ਯੁੱਧ ਵਿੱਚ ਜਾਣ ਤੋਂ ਰੋਕਿਆ ਤੇ ਬੇਨਤੀ ਕੀਤੀ ਕਿ ਤੁਸੀਂ ਗੜ੍ਹੀ ਛੱਡ ਕੇ ਨਿਕਲ ਜਾਓ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਪਿੱਠ ਵਿਖਾ ਕੇ ਨਹੀਂ ਸਗੋਂ ਦੁਸ਼ਮਣਾਂ ਨੂੰ ਲਲਕਾਰ ਕੇ ਜਾਵਾਂਗਾ। ਉਸ ਵੇਲੇ ਪਾਤਸ਼ਾਹ ਜੀ ਨੇ ਉੱਚੀ ਪਹਾੜੀ ਤੇ ਖਲੋ ਕੇ ਇੱਕ ਨਾਰਾ ਲਾਇਆ।

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।
ਖੁਆਰ ਹੋਏ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।
ਵਾਹਿਗੁਰੂ ਨਾਮ ਜਹਾਜ ਹੈ ਚੱੜ੍ਹੇ ਸੋ ਉਤਰੇ ਪਾਰ।
ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨ ਹਾਰ।
ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ।

ਨਾਲ ਹੀ ਢਾਡੀ ਜੱਥੇ ਨੇ ਇਹ ਵਾਰ ਗਾ ਕੇ ਗੁਰੂ ਸਾਹਿਬ ਜੀ ਦੀ ਮਹਿਮਾ ਬਿਆਨ ਕੀਤੀ।

ਮੈਂ ਨਾਗਣ ਪਾਵਾਂਗਾ ਤੀਰਾਂ ਦੇ ਅੱਗੇ,
ਮੈਂ ਬਿਜਲੀ ਨਚਾ ਦੇਓ ਸ਼ਮਸ਼ੀਰਾਂ ਦੇ ਅੱਗੇ,
ਮੈਂ ਸੁੱਤੀ ਗਰੀਬਾਂ ਦੀ ਕਿਸਮਤ ਨੂੰ ਜੋੜਾਂ,
ਇੱਕ ਧਾਰ ਅੱਗੇ ਬਾਈ ਧਾਰ ਰੋਣਾ,
ਮੈਂ ਸਤਲੁਜ ਦੇ ਪਾਣੀ ਵਿੱਚ ਪਾ ਕੇ ਪਤਾਸੇ,
ਇਹਨਾਂ ਮੋਇਆ ਦੇ ਮੂੰਹ ਤੇ ਲਿਆਉਣੇ ਨੇ ਹਾਸੇ,
ਜਿਹੜੇ ਕੰਮ ਰਹਿ ਗਏ ਨੇ ਕਲਮ ਤੋਂ ਅਧੂਰੇ,
ਉਹ ਕਰਾਂਗਾ ਮੈਂ ਤਲਵਾਰ ਨਾਲ ਪੂਰੇ।.......

ਇਸ ਢਾਡੀ ਜੱਥੇ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਲਗਭਗ ਢਾਈ ਘੰਟੇ ਦੇ ਦੀਵਾਨ ਵਿੱਚ ਸੰਗਤ ਵਿੱਚੋਂ ਕੋਈ ਵੀ ਉੱਠ ਕੇ ਨਾ ਗਿਆ ਸਗੋਂ ਸਜੇ ਹੋਏ ਦੀਵਾਨ ਵਿੱਚ ਜਿੱਥੇ ਬਜ਼ੁਰਗਾਂ, ਵੱਡਿਆਂ ਨੇ ਸ਼ਾਂਤੀ ਬਣਾਈ ਰੱਖੀ ਉੱਥੇ ਨਾਲ ਹੀ ਜਰਮਨੀ ਦੇ ਜੰਮਪਲ ਬੱਚੇ ਵੀ ਗੰਭੀਰਤਾ ਨਾਲ ਢਾਡੀ ਵਾਰਾਂ ਸੁਣ ਰਹੇ ਸਨ ਤੇ ਢਾਡੀ ਵਾਰਾਂ ਸੁਣ ਕੇ ਗੁਰੂ ਸਾਹਿਬ ਦੇ ਲਾਲਾਂ ਦੀ ਵੀਰਤਾ ਨੂੰ ਸਨਮਾਨ ਕਰ ਰਹੇ ਸਨ। ਅਖੀਰ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਤਰਸੇਮ ਸਿੰਘ ਢਿੱਲੋਂ ਜੀ ਦੀ ਬੇਨਤੀ ਤੇ ਢਾਡੀ ਜੱਥੇ ਨੇ ਸਿੱਖ ਇਤਿਹਾਸ ਵਿੱਚ ਹੋਏ ਘੱਲੂਘਾਰਿਆਂ ਦਾ ਇਤਿਹਾਸ ਸਾਂਝਾ ਕੀਤਾ।

ਜਿੰਨੀ ਕੁੱਖੋਂ ਜਾਏ ਨੇ ਸ਼ਹੀਦ ਮੇਰੀ ਕੌਮ ਦੇ,
ਸੂਲੀ, ਫਾਂਸੀ, ਚਰਖੜੀ ਤੇ ਆਰਿਆਂ ਦੇ,
ਦੰਦੇ ਤੱਕ ਰਤਾ ਘਬਰਾਏ ਨਾ ਸ਼ਹੀਦ ਮੇਰੀ ਕੌਮ ਦੇ,
ਇੱਕ ਦੋ ਨਹੀਂ ਸੈਂਕੜੇ ਹਜ਼ਾਰ ਤੇ ਲੱਖਾਂ ਵਾਰ ਗਏ ਨੇ,
ਅਜ਼ਮਾਏ ਸ਼ਹੀਦ ਮੇਰੀ ਕੌਮ ਦੇ।

1716 ਈਸਵੀ ਵਿੱਚ ਪਹਿਲੇ ਘੱਲੂਘਾਰੇ ਸਮੇਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕੀਤਾ ਗਿਆ ਤਾਂ 500 ਗੱਡੇ ਭਰ ਕੇ ਸਿੰਘਾਂ ਦੇ ਸਿਰਾਂ ਵੱਢ ਕੇ ਦਿੱਲੀ ਲਿਆਂਦਾ ਗਿਆ ਸੀ। 3000 ਸਿੰਘਾਂ ਦੇ ਸਿਰ ਵੱਢ ਕੇ ਬਾਸਾਂ ਉੱਤੇ ਟੰਗ ਕੇ ਦਿੱਲੀ ਦੇ ਬਾਜ਼ਾਰਾਂ ਵਿੱਚ ਜਲੂਸ ਕੱਢਿਆ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਘੱਲੂਘਾਰੇ ਨੂੰ ਗਿਣਿਆ ਨਹੀਂ ਗਿਆ ਇਸ ਕਰਕੇ ਸਿੱਖ ਧਰਮ ਵਿੱਚ ਇਸ ਬਾਰੇ ਜ਼ਿਆਦਾ ਲਿਖਿਆ ਨਹੀਂ ਗਿਆ। ਫਿਰ ਉਸ ਤੋਂ ਬਾਅਦ ਵੱਡਾ ਘੱਲੂਘਾਰਾ ਹੋਇਆ। ਵੱਡਾ ਘੱਲੂਘਾਰਾ 1962 ਫ਼ਰਵਰੀ ਵਿੱਚ ਪਿੰਡ ਕੁੱਪ ਰੁਹੀੜੇ ਤੋਂ ਸ਼ੁਰੂ ਹੋਇਆ ਤੇ ਪਿੰਡ ਧਲੇਰ ਝਨੇਰ ਵਿੱਚ ਦੀ ਹੋ ਕੇ ਪਿੰਡ ਕੁਤਬਾ ਬਾਹਮਣੀਆਂ ਵਿੱਚ ਜਾ ਕੇ ਖ਼ਤਮ ਹੋਇਆ ਜਿਸ ਵਿੱਚ 35 ਹਜ਼ਾਰ ਸਿੰਘ ਸਿੰਘਣੀਆਂ, ਬੀਬੀਆਂ, ਬੱਚੇ ਸ਼ਹੀਦ ਹੋਏ ਸਨ। ਢਾਡੀ ਜੱਥੇ ਨੇ ਜੂਨ 1984 ਵਿੱਚ ਹੋਏ ਹਰਿਮੰਦਰ ਸਾਹਿਬ ਤੇ ਹਮਲੇ ਬਾਰੇ ਬਿਆਨ ਕੀਤਾ। ਛੋਟਾ ਘੱਲੂਘਾਰਾ ਮਈ 1746 ਈਸਵੀ ਨੂੰ ਜ਼ਿਲ੍ਹਾ ਗੁਰਦਾਸ ਪੁਰ ਦੇ ਪਿੰਡ ਕਾਹਨੂੰਵਾਨ ਛੰਭ ਵਿੱਚ ਹੋਇਆ ਜਿਸ ਵਿੱਚ 10-12 ਹਜ਼ਾਰ ਦੇ ਕਰੀਬ ਸਿੰਘਣੀਆਂ, ਬੀਬੀਆਂ ਬੱਚੇ ਸ਼ਹੀਦ ਹੋਏ ਸਨ। ਫੇਰ ਹੋਇਆ "ਸਾਕਾ ਨੀਲਾ ਤਾਰਾ" ਭਾਵ ਜੂਨ 1984 ਦਾ ਘੱਲੂਘਾਰਾ। ਜਿਸ ਬਾਰੇ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਤੇ ਬਹੁਤਿਆਂ ਨੇ ਤਨ ਤੇ ਹੰਢਾਇਆ ਵੀ ਹੈ।

1984 ਨੂੰ ਦਿੱਲੀ ਵਿੱਚ ਇੱਕ ਮੀਟਿੰਗ ਬੁਲਾਈ ਗਈ। ਇੰਡੀਅਨ ਆਰਮੀ ਦੇ ਪੰਜੇ ਜਨਰਲਾਂ ਨੂੰ ਸੰਬੋਧਨ ਕਰਦਿਆਂ ਇੰਦਰਾ ਗਾਂਧੀ ਨੇ ਦਿੱਲੀ ਦੇ ਵਿੱਚ ਮੀਟਿੰਗ ਵਿੱਚ ਜਨਰਲ ਕੁਲਦੀਪ ਬਰਾੜ, ਜਰਨਲ ਅਰੁਣ ਵਜਦਿਆ, ਜਨਰਲ ਰਣਜੀਤ ਦਿਆਲ, ਜਨਰਲ ਵਰਮ ਮਿਸ਼ਰਾ। ਪੰਜੇ ਜਨਰਲ ਇਕੱਠੇ ਕਰਕੇ ਪਹਿਲਾਂ ਦੇਹਰਾਦੂਨ ਵਿੱਚ ਟ੍ਰੇਨਿੰਗ ਦਿੱਤੀ ਗਈ ਫੇਰ ਹਿਮਾਚਲ ਵਿੱਚ ਟ੍ਰੇਨਿੰਗ ਦਿੱਤੀ ਗਈ ਕਿ ਸ੍ਰੀ ਹਰਿਮੰਦਰ ਸਾਹਿਬ ਉੱਤੇ ਕਿਵੇਂ ਅਟੈਕ ਕਰਨਾ ਹੈ। ਲਗਭਗ 6 ਲੱਖ ਇੰਡੀਅਨ ਆਰਮੀ ਦੇ ਜਵਾਨ ਚੜ ਕੇ ਆਏ। ਇਸ ਦੇ ਨਾਲ ਨਾਲ 38 ਹੋਰ ਗੁਰਧਾਮਾਂ ਦੀ ਬੇਅਦਬੀ ਕੀਤੀ ਗਈ। ਢਾਈ ਲੱਖ ਇੰਡੀਅਨ ਆਰਮੀ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ। ਆਰਮੀ ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਇਹ ਕੁਝ ਕਰਦਿਆਂ ਤੁਹਾਡੇ ਕੋਲੋਂ ਕਿੰਨੀ ਵੀ ਵੱਡੀ ਕੁਤਾਹੀ ਹੋਵੇ ਤਾਂ ਵੀ ਤੁਹਾਡਾ ਕੋਰਟ ਮਾਰਸ਼ਲ ਨਹੀਂ ਕੀਤਾ ਜਾਵੇਗਾ। ਕਿਸੇ ਧੀ ਭੈਣ ਦੀ ਬੇਅਦਬੀ ਕਰਨੀ ਤਾਂ ਵੀ ਬੇਝਿਜਕ ਕਰੋ। ਸਾਰੀ ਆਰਮੀ ਦੇ ਜਵਾਨ ਜੁੱਤੀ ਸਣੇ ਹਰਿਮੰਦਰ ਸਾਹਿਬ ਅੰਦਰ ਦਾਖਲ ਹੋਏ ਸਨ। ਪਹਿਲੀ ਜੂਨ ਨੂੰ ਅੰਨੇ ਵਾਹ ਫਾਇਰ ਕੀਤੇ ਗਏ ਤਾਂ ਭਾਈ ਮਹਿੰਗਾ ਸਿੰਘ ਜੀ ਸ਼ਹੀਦ ਹੋ ਗਏ। ਦੋ ਜੂਨ ਨੂੰ ਵੀ ਇਸੇ ਤਰ੍ਹਾਂ ਹੋਇਆ। ਤਿੰਨ ਜੂਨ ਆਈ ਤਾਂ ਬਿਜਲੀ ਪਾਣੀ ਬੰਦ ਕਰ ਦਿੱਤਾ ਗਿਆ। ਫਿਰ 4 ਜੂਨ ਦੀ ਰਾਤ ਨੂੰ ਹਮਲਾ ਕੀਤਾ ਗਿਆ। 2500 ਜਵਾਨ ਰੇਂਗ ਕੇ ਅੰਦਰ ਗਏ ਤੇ 2500 ਜਵਾਨ ਨੂੰ ਰਿਕਵਰੀ ਦੇਣ ਲਈ ਤਿਆਰ ਕੀਤਾ ਗਿਆ। ਬਾਅਦ ਵਿੱਚ ਜਿੱਥੋਂ ਤੱਕ ਵੀ ਹੋ ਸਕਿਆ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਢਹਿ ਢੇਰੀ ਕਰਨ ਲਈ ਆਰਮੀ ਵਲੋਂ ਪੂਰਾ ਜ਼ੋਰ ਲਗਾਇਆ ਗਿਆ।

ਅਖੀਰ ਦੀਵਾਨ ਦੀ ਸਮਾਪਤੀ ਕੀਤੀ ਤੇ ਸਾਧ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਬਖਸ਼ੀ ਖੰਡੇ ਬਾਟੇ ਦੀ ਦਾਤ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਬੇਨਤੀ ਕੀਤੀ। ਇਸ ਢਾਡੀ ਜਥੇ ਦੀ ਇੱਕ ਵੱਡੀ ਖਾਸੀਅਤ ਹੈ ਕਿ ਇਹ ਤਿੰਨੋ ਗੁਰਸਿੱਖ ਵੀਰ ਯੂਰਪ ਦੇ ਤਿੰਨ ਵੱਖ ਵੱਖ ਮੁਲਕਾਂ ਤੋਂ ਇਕੱਠੇ ਹੋ ਕੇ ਢਾਡੀ ਦਰਬਾਰ ਵਿਚ ਹਾਜ਼ਰੀ ਭਰਦੇ ਹਨ। ਭਾਈ ਸਤਪਾਲ ਸਿੰਘ ਗਰਚਾ, ਆਸਟਰੀਆ ਤੋਂ, ਭਾਈ ਪਰਮਜੀਤ ਸਿੰਘ ਇਟਲੀ ਤੋਂ, ਸਰੰਗੀ ਮਾਸਟਰ ਭਾਈ ਅਮਰਜੀਤ ਸਿੰਘ ਪੁਰਤਗਾਲ ਤੋਂ ਹਨ। ਵੱਖਰੇ ਮੁਲਕਾਂ ਵਿੱਚ ਰਹਿ ਕੇ ਸਿੱਖੀ ਸਰੂਪ ਵਿੱਚ ਰਹਿਣਾ ਤੇ ਇਕੱਠੇ ਮਿਲ ਕੇ ਢਾਡੀ ਦਰਬਾਰ ਲਗਾਉਣਾ ਸੰਗਤ ਨੂੰ ਜੋੜਨਾ ਇੰਨਾ ਵੀ ਸੌਖਾ ਨਹੀਂ ਹੈ। ਗੁਰੂ ਸਾਹਿਬ ਕਿਰਪਾ ਕਰਨ ਤੇ ਇਹ ਢਾਡੀ ਜਥਾ ਹਮੇਸ਼ਾ ਇਸੇ ਤਰ੍ਹਾਂ ਢਾਡੀ ਦਰਬਾਰ ਲਗਾ ਕੇ ਗੁਰੂ ਜੀ ਦੀ ਸਿੱਖੀ ਦੀਆਂ ਬਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਦਾ ਰਹੇ।

ਸਾਰੀਆਂ ਸੰਗਤਾਂ ਵੱਲੋਂ ਢਾਡੀ ਜਥੇ ਦੇ ਨਾਲ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ ਗਿਆ ਕਿਉਂਕਿ ਕਿਸੇ ਵੀ ਧਾਰਮਿਕ ਪੁਰਬ ਨੂੰ ਮਨਾਉਣ ਲਈ ਪ੍ਰਬੰਧਕ ਕਮੇਟੀ ਪਹਿਲਾਂ ਤੋਂ ਕਈ ਤਰ੍ਹਾਂ ਦੀਆਂ ਤਿਆਰੀਆਂ ਕਰਦੀ ਹੈ ਤਾਂ ਜੋ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਜਾ ਸਕੇ ਤੇ ਸੰਗਤਾਂ ਲਈ ਹਰ ਸੰਭਵ ਸਹੂਲਤਾਂ ਦਿੱਤੀਆਂ ਜਾ ਸਕਣ। ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਹਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਜੋਸਟ ਵਾਂਗ ਸੇਵਾ ਭਾਵਨਾ ਨਾਲ ਹਮੇਸ਼ਾ ਕਾਰਜ ਕਰਦੀ ਰਹੇ।

ਧੰਨ ਧੰਨ ਮਾਤਾ ਗੁਜਰੀ ਜੀ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ।
ਧੰਨ ਧੰਨ ਬਾਬਾ ਅਜੀਤ ਸਿੰਘ ਸਾਹਿਬ ਜੀ।
ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਸਾਹਿਬ ਜੀ।
ਧੰਨ ਧੰਨ ਬਾਬਾ ਜੁਝਾਰ ਸਿੰਘ ਸਾਹਿਬ ਜੀ।
ਧੰਨ ਧੰਨ ਬਾਬਾ ਫ਼ਤਿਹ ਸਿੰਘ ਸਾਹਿਬ ਜੀ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

**Contact:(408) 687-1899, (925) 587-1148**

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi


We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK





1003 Moffat Blvd,
Manteca CA 95336

209-239-1551




Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348


WE HAVE THE CHEAPEST FARES TO INDIA
LEGEND TRAVEL
arc
CST # 207524-40
Special Fares To India From West-coast (us) On Air India Direct Flights
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $

ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਉਿਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿਸ਼ੀ ਨਵਿਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿਸ਼ ਦੇ ਰਾਹ

| ਨਵਿਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**




ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਵਿਸ਼ਵ ਰੰਗ ਮੰਚ ਨੂੰ ਸਮਰਪਿਤ ਰਚਾਇਆ 'ਰੰਗਮੰਚ ਸੰਵਾਦ'

## ਰੰਗਮੰਚ ਲੋਕ ਦਿਲਾਂ 'ਤੇ ਗਹਿਰੀ ਛਾਪ ਛੱਡਦਾ ਹੈ- ਕੇਵਲ ਧਾਲੀਵਾਲ,ਅਜ਼ਲ ਦੁਸਾਂਝ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਨਵਾਦੀ ਲੇਖਕ ਸੰਘ, ਅੰਮ੍ਰਿਤਸਰ ਦੇ ਸਹਿਯੋਗ ਨਾਲ "ਰੰਗਮੰਚ ਸੰਵਾਦ ਰਚਾਇਆ ਗਿਆ ਜਿਸ ਵਿਚ ਕਨੇਡਾ ਤੋਂ ਵਿਸ਼ੇਸ਼ ਤੌਰ 'ਤੇ ਸੰਵਾਦ ਰਚਾਉਣ ਲਈ ਰੰਗਮੰਚ ਦੇ ਖੋਜਾਰਥੀ ਅਤੇ ਅਦਾਕਾਰ ਅਜ਼ਲ ਦੁਸਾਂਝ ਨੇ ਸ਼ਮੂਲੀਅਤ ਕੀਤੀ । ਇਸ ਸੰਵਾਦ ਵਿਚ ਮੁੱਖ ਮਹਿਮਾਨ ਵਜੋਂ ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ ਅਤੇ ਵਿਸ਼ੇਸ਼ ਮਹਿਮਾਨ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਅਤੇ ਨਾਟਕਕਾਰ ਜਗਦੀਸ਼ ਸਚਦੇਵਾ ਨੇ ਸ਼ਿਰਕਤ ਕੀਤੀ ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਪ੍ਰੋ. ਮਨਜਿੰਦਰ ਸਿੰਘ, ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਹੁਰਾਂ ਕੀਤੀ।

ਪ੍ਰੋ. ਡਾ.ਮਨਜਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸੁਆਗਤ ਕਰਦਿਆਂ ਕਿਹਾ ਕਿ ਰੰਗਮੰਚ ਆਪਣੇ-ਆਪ ਵਿਚ ਇਕ ਸੰਪੂਰਨ ਕਲਾ ਹੈ ਕਿਉਂਕਿ ਇਹ ਇੱਕੋ ਸਮੇਂ ਕਾਵਿ, ਸੰਗੀਤ, ਅਦਾਕਾਰੀ ਅਤੇ ਸਜਿੰਦ ਪੇਸ਼ਕਾਰੀ ਦਾ ਸੁਮੇਲ ਹੁੰਦੀ ਹੈ। ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ ਨੇ ਪੰਜਾਬੀ ਵਿਭਾਗ ਦੁਆਰਾ ਲਗਾਤਾਰ ਕਰਵਾਏ ਜਾਂਦੇ ਸੈਮੀਨਾਰਾਂ/ਕਾਨਫਰੰਸਾਂ/ਰੂ-ਬ-ਰੂ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ। ਸੰਵਾਦ ਦੇ ਮੁੱਖ ਵਕਤਾ ਅਜ਼ਲ ਦੁਸਾਂਝ ਨੇ ਆਪਣੇ ਨਿੱਜੀ ਤਜ਼ਰਬਿਆਂ ਰਾਹੀਂ ਗੱਲ ਸਾਂਝੀ ਕਰਦਿਆਂ ਕਿਹਾ ਕਿ ਸੱਚਮੁੱਚ ਨਾਟਕ ਅਤੇ ਰੰਗਮੰਚ ਲੋਕ ਦਿਲਾਂ 'ਤੇ ਆਪਣੀ ਗਹਿਰੀ ਛਾਪ ਛੱਡਦਾ ਹੈ।

ਉਹਨਾਂ ਵਲੋਂ ਆਪਣੇ ਅਧਿਐਨ ਅਤੇ ਖੋਜ ਬਾਬਤ ਰੰਗਮੰਚ ਨੂੰ ਹੀ ਕਿਉਂ




ਚੁਣਿਆ? ਅਤੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਵਿਸ਼ਵ ਪੱਧਰ 'ਤੇ ਕਿੰਝ ਮਾਨਤਾ ਦਿੱਤੀ ਜਾਵੇ? ਆਦਿ ਨੁਕਤਿਆਂ ਦੀ ਨਿਸ਼ਾਨਦੇਹੀ ਕਰਦਿਆਂ ਉਹਨਾ ਦਸਿਆ ਕਿ ਨਾਟਕ ਅਤੇ ਰੰਗਮੰਚ ਨੂੰ ਕਿਸ ਪ੍ਰਕਾਰ ਦੀਆਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਰਚਾ ਦੀ ਲੜੀ ਨੂੰ ਅੱਗੇ ਤੋਰਦਿਆਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਜਿਥੇ ਪੰਜਾਬੀ ਰੰਗਮੰਚ ਦੀ ਇਤਿਹਾਸਕ ਪਰੰਪਰਾ ਰਾਹੀਂ ਆਪਣੇ ਨਿੱਜੀ ਅਨੁਭਵ ਨੂੰ ਸਾਂਝਾ ਕੀਤਾ ਉੱਥੇ ਉਹਨਾਂ ਅਜ਼ਲ ਦੁਸਾਂਝ ਦੇ ਕੰਮ ਰਾਹੀਂ ਉਸਦੀ ਸ਼ਲਾਘਾ ਕਰਦਿਆਂ ਪੰਜਾਬੀ ਰੰਗਮੰਚ ਦੀ ਅਗਲੇਰੀ ਪੀੜ੍ਹੀ ਲਈ ਉਸਨੂੰ ਸ਼ੁਭ-ਸ਼ਗਨ ਕਿਹਾ। ਨਾਟਕਕਾਰ ਜਗਦੀਸ਼ ਸਚਦੇਵਾ ਨੇ ਅਜ਼ਲ ਦੁਸਾਂਝ ਨੂੰ ਜਿੱਥੇ ਮੁਬਾਰਕਬਾਦ ਦਿੱਤੀ ਉੱਥੇ ਉਹਨਾਂ ਨੇ ਉਸਨੂੰ ਭਵਿੱਖ ਵਿਚ ਵਾਪਸ ਭਾਰਤ ਪਰਤ ਕੇ ਇਸ ਖੇਤਰ ਵਿਚ ਹੋਰ ਨਿੱਠ ਕੇ ਕੰਮ ਕਰਨ ਬਾਬਤ ਵੀ ਪ੍ਰੇਰਿਆ।

ਸਮਾਗਮ ਦੇ ਅੰਤ ਵਿਚ ਵਿਭਾਗ ਦੇ ਮੁਖੀ ਪ੍ਰੋ.ਮਨਜਿੰਦਰ ਸਿੰਘ ਨੇ ਸਮੁੱਚੀ ਸੰਵਾਦ-ਚਰਚਾ ਉੱਪਰ ਭਾਵਪੂਰਤ ਟਿੱਪਣੀਆਂ ਕੀਤੀਆਂ ਅਤੇ ਸੰਵਾਦ ਕਰਤਾ ਅਜ਼ਲ ਦੁਸਾਂਝ ਨੂੰ ਮੁਬਾਰਕਬਾਦ ਦਿੱਤੀ। ਇਸ ਸਮਾਗਮ ਵਿਚ ਸ਼ਾਮਲ ਸਮੁੱਚੇ ਸਰੋਤਿਆਂ ਦਾ ਰਸਮੀ ਧੰਨਵਾਦ ਕਰਦਿਆਂ ਸਮਾਗਮ ਦੇ ਕੋ-ਕਨਵੀਨਰ ਕਹਾਣੀਕਾਰ ਦੀਪ ਦਵਿੰਦਰ ਸਿੰਘ ਨੇ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਵੀ ਭਰੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਬਲਜੀਤ ਕੌਰ ਰਿਆੜ ਨੇ ਬਾਖ਼ੂਬੀ ਨਿਭਾਈ। ਇਸ ਸਮਾਗਮ ਵਿਚ ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਪ੍ਰੋਫੈਸਰ ਡਾ. ਮੇਘਾ ਸਲਵਾਨ, ਪ੍ਰਿੰ. ਕੁਲਵੰਤ ਸਿੰਘ ਅਣਖੀ, ਡਾ. ਪਰਮਜੀਤ ਸਿੰਘ ਬਾਠ, ਐਸ. ਪਰਸ਼ੋਤਮ, ਲਖਬੀਰ ਸਿੰਘ ਨਿਜਾਮਪੁਰ, ਹੀਰਾ ਸਿੰਘ ਹੰਸਪਾਲ, ਪ੍ਰੋ. ਐਸ ਪੀ ਅਰੋੜਾ,ਜਸਵੰਤ ਸਿੰਘ ਗਿੱਲ,ਨਿਰਮਲ ਕੌਰ ਕੋਟਲਾ, ਨਵ ਭੁਲਰ, ਵਿਜੇਤਾ ਰਾਜ, ਸਤਿੰਦਰਜੀਤ ਕੌਰ, ਹਰਮੀਤ ਆਰਟਿਸਟ, ਸੁਰਿੰਦਰ ਖਿਲਚੀਆਂ, ਅੰਗਰੇਜ ਸਿੰਘ ਵਿਰਦੀ, ਸਤਨਾਮ ਮੁਦਲ, ਕੁਲਜੀਤ ਵੇਰਕਾ, ਜਗਦੀਸ਼ ਜੱਬਲ, ਪੰਕਜ ਸਿੰਘ, ਮਨਮੋਹਨ ਸਿੰਘ ਬਰਾੜ ਡਾ. ਰਾਜਵਿੰਦਰ ਕੌਰ, ਡਾ. ਸਿਮਰਨਜੀਤ ਸਿੰਘ, ਡਾ. ਕੰਵਲਜੀਤ ਕੌਰ, ਡਾ. ਹਰਿੰਦਰ ਸਿੰਘ ਤੁੜ, ਡਾ. ਕੰਵਲਦੀਪ ਕੌਰ, ਡਾ. ਅਸ਼ੋਕ ਭਗਤ, ਡਾ. ਜਸਪਾਲ ਸਿੰਘ, ਡਾ. ਅੰਜੂ ਬਾਲਾ, ਡਾ. ਸੁੱਖਪ੍ਰੀਤ ਕੌਰ, ਡਾ.ਹਸਨ ਰੇਹਾਨ, ਡਾ. ਵਿਸ਼ਾਲ ਭਾਰਦਵਾਜ, ਡਾ. ਸਲੋਨੀ, ਡਾ. ਵਿਕਾਸ ਜੋਸ਼ੀ ਹੁਰਾਂ ਨੇ ਸਮਾਗਮ ਨੂੰ ਭਰਭੂਰਤਾ ਬਖ਼ਸ਼ੀ।

# ਮਾਈਨਿੰਗ ਸਬੰਧੀ ਭਾਜਪਾ ਦੇ ਦੋਸ਼ਾਂ 'ਤੇ ਆਮ ਆਦਮੀ ਪਾਰਟੀ ਦਾ ਜਵਾਬ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

2007 ਤੋਂ 2017 ਤੱਕ, ਪੰਜਾਬ ਨੇ ਜਿੰਨੇ ਵੀ ਮਾਫੀਆ ਰਾਜ ਝੱਲੇ ਹਨ, ਉਹ ਸਾਰੇ ਭਾਜਪਾ ਅਤੇ ਅਕਾਲੀ ਦਲ ਦੇ ਸ਼ਾਸਨ ਦੌਰਾਨ ਸਨ। ਚਾਹੇ ਉਹ ਕੇਬਲ ਮਾਫੀਆ ਹੋਵੇ, ਰੇਤ ਮਾਫੀਆ, ਨਸ਼ਾ ਤਸਕਰੀ ਜਾਂ ਟਰਾਂਸਪੋਰਟ ਮਾਫੀਆ ਇਹ ਸਾਰਾ ਤੰਤਰ ਉਨ੍ਹਾਂ ਦੇ ਸਾਂਝੇ ਰਾਜ ਦੌਰਾਨ ਫਲਿਆ-ਫੁੱਲਿਆ। ਉਸ ਸਮੇਂ ਤੋਂ ਪਹਿਲਾਂ, ਪੰਜਾਬ ਵਿੱਚ ਨਾ ਤਾਂ ਮਾਈਨਿੰਗ ਮਾਫੀਆ ਬਾਰੇ ਪਤਾ ਸੀ ਅਤੇ ਨਾ ਹੀ ਕਦੇ ਸੰਗਠਿਤ ਰੇਤ ਮਾਫੀਆ ਦਾ ਨਾਂ ਸੁਣਿਆ ਗਿਆ ਸੀ।ਭਾਜਪਾ ਅਤੇ ਅਕਾਲੀ ਦਲ ਦੇ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ, ਕਾਂਗਰਸ ਨੇ ਉਨ੍ਹਾਂ ਦੇ ਮਾਫੀਆ ਰਾਜ ਦੀ ਵਿਰਾਸਤ ਨੂੰ ਬਚਾਉਣ ਲਈ ਕਦਮ ਵਧਾਏ। ਸੱਤਾ ਵਿੱਚ ਆਉਣ ਤੋਂ ਬਾਅਦ, 'ਆਪ' ਨੇ ਸਿਰਫ਼ ਉਸ ਗੰਦਗੀ ਨੂੰ ਸਾਫ਼ ਕਰਨ 'ਤੇ ਧਿਆਨ ਦਿੱਤਾ ਹੈ ਜੋ ਸਾਲਾਂ ਦੀ ਸਿਆਸੀ ਸਰਪ੍ਰਸਤੀ ਅਤੇ ਅਪਰਾਧਿਕ ਮਿਲੀਭੁਗਤ ਨਾਲ ਪੈਦਾ ਹੋਈ ਸੀ।

ਆਪ ਸਰਕਾਰ ਨੇ ਨਜਾਇਜ਼ ਮਾਈਨਿੰਗ ਵਿਰੁੱਧ ਜ਼ੀਰੋ ਟੋਲਰੈਂਸ (ਬਿਲਕੁਲ ਸਹਿਣ ਨਾ ਕਰਨ) ਦੀ ਨੀਤੀ ਅਪਣਾਈ ਹੈ। ਇਸ ਦੀ ਮਿਸਾਲ 26-27 ਦਸੰਬਰ ਦੀ ਅੱਧੀ ਰਾਤ ਨੂੰ ਕੀਤੀ ਗਈ ਕਾਰਵਾਈ ਤੋਂ ਮਿਲਦੀ ਹੈ, ਜਿਸ ਵਿੱਚ ਮਾਜਰੀ ਅਤੇ ਡੇਰਾਬੱਸੀ ਵਿੱਚ 20 ਐਫ.ਆਈ.ਆਰ. ਦਰਜ ਕੀਤੀਆਂ ਗਈਆਂ, 15 ਗ੍ਰਿਫਤਾਰੀਆਂ ਹੋਈਆਂ ਅਤੇ ਭਾਰੀ ਮਾਤਰਾ ਵਿੱਚ ਸਮਾਨ ਜ਼ਬਤ ਕੀਤਾ ਗਿਆ।'ਪੰਜਾਬ ਸਟੇਟ ਮਾਈਨਿੰਗ ਪਾਲਿਸੀ 2025' ਦੇ ਸਹਿਯੋਗ ਨਾਲ, ਜੋ ਜ਼ਮੀਨ ਮਾਲਕਾਂ ਦੁਆਰਾ ਮਾਈਨਿੰਗ ਨੂੰ ਕਾਨੂੰਨੀ ਮਾਨਤਾ ਦਿੰਦੀ ਹੈ ਅਤੇ ਜੀ.ਪੀ.ਐਸ. ਟਰੈਕਿੰਗ ਤੇ ਸੀ.ਸੀ.ਟੀ.ਵੀ ਨਿਗਰਾਨੀ ਨੂੰ ਲਾਜ਼ਮੀ ਬਣਾਉਂਦੀ ਹੈ, ਤਕਨਾਲੋਜੀ-ਅਧਾਰਤ ਲਾਗੂਕਰਨ ਯੋਜਨਾਬੱਧ ਤਰੀਕੇ ਨਾਲ ਮਾਈਨਿੰਗ ਮਾਫੀਆ ਦੇ ਸ਼ਿਕੰਜੇ ਨੂੰ ਖਤਮ ਕਰ ਰਿਹਾ ਹੈ।

# ਫਲੋਰੀਡਾ 'ਚ ਟਰੰਪ ਅਤੇ ਜ਼ੇਲੇਂਸਕੀ ਵਿਚਾਲੇ ਅਹਿਮ ਮੀਟਿੰਗ

ਫਲੋਰੀਡਾ
ਸਾਂਝੀ ਸੋਚ ਬਿਊਰੋ



ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅੱਜ ਫਲੋਰੀਡਾ ਵਿੱਚ ਉੱਚ-ਪੱਧਰੀ ਸ਼ਾਂਤੀ ਵਾਰਤਾ ਕਰਨ ਵਾਲੇ ਹਨ। ਇਹ ਅਹਿਮ ਮੀਟਿੰਗ ਕੀਵ 'ਤੇ ਜਾਰੀ ਰੂਸੀ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੇ ਵਿਚਾਲੇ ਹੋ ਰਹੀ ਹੈ।ਇਸਦਾ ਉਦੇਸ਼ ਟਰੰਪ ਦੁਆਰਾ ਪਿਛਲੇ ਮਹੀਨੇ ਪ੍ਰਸਤਾਵਿਤ ਸ਼ਾਂਤੀ ਢਾਂਚੇ 'ਤੇ ਮਤਭੇਦਾਂ ਨੂੰ ਘਟਾਉਣਾ ਹੈ। ਅਮਰੀਕਾ ਨੇ ਪਹਿਲਾਂ ਰੂਸ ਅਤੇ ਯੂਕਰੇਨ ਵਿਚਕਾਰ 28-ਨੁਕਾਤੀ ਸ਼ਾਂਤੀ ਪ੍ਰਸਤਾਵ ਪੇਸ਼ ਕੀਤਾ ਸੀ। ਹਾਲਾਂਕਿ, ਯੂਕਰੇਨ ਨੇ ਇਸ ਪ੍ਰਸਤਾਵ 'ਤੇ ਕੁਝ ਇਤਰਾਜ਼ ਪ੍ਰਗਟ ਕੀਤੇ ਸਨ।

ਨਤੀਜੇ ਵਜੋਂ, ਰੂਸ ਅਤੇ ਯੂਕਰੇਨ ਵਿਚਕਾਰ ਖੇਤਰੀ ਮੁੱਦੇ ਅੱਗੇ ਦੀ ਗੱਲਬਾਤ ਲਈ ਇੱਕ ਵੱਡੀ ਰੁਕਾਵਟ ਬਣੇ ਹੋਏ ਹਨ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਅੱਜ ਫਲੋਰੀਡਾ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰਨ ਵਾਲੇ ਹਨ। ਇਸ ਮੁਲਾਕਾਤ ਦਾ ਉਦੇਸ਼ ਅਮਰੀਕਾ ਦੁਆਰਾ ਪ੍ਰਸਤਾਵਿਤ 20-ਨੁਕਾਤੀ ਸ਼ਾਂਤੀ ਯੋਜਨਾ 'ਤੇ ਚਰਚਾ ਕਰਨਾ ਅਤੇ ਇਸਦੇ ਜ਼ਿਆਦਾਤਰ ਨੁਕਤਿਆਂ 'ਤੇ ਸਹਿਮਤੀ ਬਣਾਉਣਾ ਹੋਵੇਗਾ।ਜਾਣਕਾਰੀ ਅਨੁਸਾਰ ਸਮਝੌਤੇ ਦੇ ਲਗਭਗ 90 ਪ੍ਰਤੀਸ਼ਤ ਬਿੰਦੂਆਂ 'ਤੇ ਸਹਿਮਤੀ ਬਣ ਗਈ ਹੈ। ਹਾਲਾਂਕਿ, ਕੁਝ ਵੱਡੇ ਮੁੱਦੇ ਅਜੇ ਵੀ ਵਿਚਾਰੇ ਜਾਣੇ ਬਾਕੀ ਹਨ। ਮੀਟਿੰਗ ਦਾ ਏਜੰਡਾ ਪੇਸ਼ ਕਰਦੇ ਹੋਏ, ਜ਼ੇਲੇਂਸਕੀ ਨੇ ਕਿਹਾ, "ਸੰਵੇਦਨਸ਼ੀਲ ਮੁੱਦਿਆਂ ਦੀ ਗੱਲ ਕਰੀਏ ਤਾਂ, ਅਸੀਂ ਡੋਨਬਾਸ ਅਤੇ ਜ਼ਾਪੋਰਿਜ਼ੀਆ ਪਰਮਾਣੂ ਊਰਜਾ ਪਲਾਂਟ ਦੋਵਾਂ 'ਤੇ ਚਰਚਾ ਕਰਾਂਗੇ। ਹੋਰ ਮੁੱਦਿਆਂ 'ਤੇ ਵੀ ਜ਼ਰੂਰ ਗੱਲਬਾਤ ਹੋਵੇਗੀ।" ਜ਼ੇਲੇਂਸਕੀ ਨੇ ਕਿਹਾ ਕਿ ਨਵੇਂ ਸਾਲ ਤੋਂ ਪਹਿਲਾਂ ਬਹੁਤ ਕੁਝ ਤੈਅ ਕੀਤਾ ਜਾ ਸਕਦਾ ਹੈ ਕਿਉਂਕਿ ਅਮਰੀਕਾ ਯੁੱਧ ਨੂੰ ਖਤਮ ਕਰਨ ਲਈ ਯਤਨ ਤੇਜ਼ ਕਰ ਰਿਹਾ ਹੈ।

# ਆਂਧਰਾ ਪ੍ਰਦੇਸ਼ ਵਿੱਚ ਟਾਟਾਨਗਰ-ਏਰਨਾਕੁਲਮ ਐਕਸਪ੍ਰੈਸ 'ਚ ਲੱਗੀ ਅੱਗ: ਇੱਕ ਦੀ ਮੌਤ

ਯੇਲਾਮੰਚਿਲੀ
ਸਾਂਝੀ ਸੋਚ ਬਿਊਰੋ



ਵਿਸ਼ਾਖਾਪਟਨਮ ਤੋਂ ਲਗਭਗ 66 ਕਿਲੋਮੀਟਰ ਦੂਰ ਯੇਲਾਮੰਚਿਲੀ ਵਿੱਚ ਟਾਟਾਨਗਰ-ਏਰਨਾਕੁਲਮ ਐਕਸਪ੍ਰੈਸ ਟ੍ਰੇਨ ਦੇ ਦੋ ਡੱਬਿਆਂ ਵਿੱਚ ਅੱਗ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੂੰ ਐਤਵਾਰ ਰਾਤ 12:45 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਟ੍ਰੇਨ ਆਂਧਰਾ ਪ੍ਰਦੇਸ਼ ਦੇ ਅਨਕਾਪੱਲੇ ਦੇ ਯੇਲਾਮੰਚਿਲੀ ਰੇਲਵੇ ਸਟੇਸ਼ਨ ਪਹੁੰਚੀ ਸੀ।

ਜਦੋਂ ਅੱਗ ਲੱਗੀ, ਇੱਕ ਡੱਬੇ ਵਿੱਚ 82 ਯਾਤਰੀ ਅਤੇ ਦੂਜੇ ਵਿੱਚ 76 ਯਾਤਰੀ ਸਨ। ਪੁਲਿਸ ਨੇ ਕੋਚ ਬੀ1 ਤੋਂ ਇੱਕ ਲਾਸ਼ ਬਰਾਮਦ ਕੀਤੀ। ਮ੍ਰਿਤਕ ਦੀ ਪਛਾਣ 70 ਸਾਲਾ ਚੰਦਰਸ਼ੇਖਰ ਸੁੰਦਰਮ ਵਜੋਂ ਹੋਈ ਹੈ। ਸੜੇ ਹੋਏ ਡੱਬਿਆਂ ਨੂੰ ਵੱਖ ਕਰ ਦਿੱਤਾ ਗਿਆ ਹੈ ਅਤੇ ਟ੍ਰੇਨ ਨੂੰ ਏਰਨਾਕੁਲਮ ਭੇਜ ਦਿੱਤਾ ਗਿਆ ਹੈ।

ਯਾਤਰੀਆਂ ਨੂੰ ਹੋਰ ਤਰੀਕਿਆਂ ਨਾਲ ਉਨ੍ਹਾਂ ਦੀਆਂ ਮੰਜ਼ਿਲਾਂ 'ਤੇ ਪਹੁੰਚਾਇਆ ਜਾਵੇਗਾ। ਦੋ ਫੋਰੈਂਸਿਕ ਟੀਮਾਂ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੀਆਂ ਹਨ।ਰਿਪੋਰਟਾਂ ਅਨੁਸਾਰ, ਅੱਗ ਪਹਿਲਾਂ ਟਾਟਾਨਗਰ ਏਰਨਾਕੁਲਮ ਐਕਸਪ੍ਰੈਸ ਦੇ ਕੋਚ ਬੀ1 ਵਿੱਚ ਲੱਗੀ, ਫਿਰ ਕੋਚ ਐਮ2 ਵਿੱਚ ਫੈਲ ਗਈ। ਅੱਗ ਦੀਆਂ ਲਪਟਾਂ ਤੋਂ ਘਬਰਾ ਕੇ, ਯਾਤਰੀ ਐਮਰਜੈਂਸੀ ਚੇਨ ਖਿੱਚ ਕੇ ਟ੍ਰੇਨ ਤੋਂ ਬਾਹਰ ਆਏ।

# ਜਾਪਾਨ 'ਚ 60 ਤੋਂ ਵੱਧ ਵਾਹਨ ਆਪਸ 'ਚ ਟਕਰਾਏ: ਕਈ ਵਾਹਨ ਸੜ ਕੇ ਹੋਏ ਸੁਆਹ

## 2 ਦੀ ਮੌਤ, 26 ਜ਼ਖ਼ਮੀ: ਬਰਫੀਲੇ ਮੌਸਮ ਕਾਰਨ ਹਾਦਸਾ ਹੋਇਆ

ਟੋਕੀਓ
ਸਾਂਝੀ ਸੋਚ ਬਿਊਰੋ



ਜਾਪਾਨ ਵਿੱਚ ਸ਼ੁੱਕਰਵਾਰ ਦੇਰ ਰਾਤ ਬਰਫੀਲੇ ਮੌਸਮ ਕਾਰਨ ਇੱਕ ਵੱਡਾ ਸੜਕ ਹਾਦਸਾ ਵਾਪਰਿਆ। ਪੁਲਿਸ ਦੇ ਅਨੁਸਾਰ, ਧੁੰਦ ਕਾਰਨ ਇਲਾਕੇ ਵਿੱਚ ਵਿਜ਼ੀਬਿਲਟੀ ਘਟਣ ਕਾਰਨ ਦੋ ਟਰੱਕ ਆਪਸ 'ਚ ਟਕਰਾ ਗਏ। ਟੱਕਰ ਤੋਂ ਬਾਅਦ ਐਕਸਪ੍ਰੈਸਵੇਅ ਦਾ ਇੱਕ ਹਿੱਸਾ ਬੰਦ ਹੋ ਗਿਆ। ਪਿੱਛੇ ਤੋਂ ਆ ਰਹੇ ਵਾਹਨ ਬਰਫੀਲੀ ਸੜਕ 'ਤੇ ਸਮੇਂ ਸਿਰ ਬ੍ਰੇਕ ਨਹੀਂ ਲਗਾ ਸਕੇ, ਅਤੇ ਜਿਸ ਕਾਰਨ 60 ਤੋਂ ਵੱਧ ਵਾਹਨ ਇੱਕ ਦੂਜੇ ਨਾਲ ਟਕਰਾ ਗਏ, ਜਿਸ ਕਾਰਨ ਟੱਕਰ ਤੋਂ ਬਾਅਦ ਵਾਹਨਾਂ 'ਚ ਅੱਗ ਲੱਗ ਗਈ। ਇਹ ਹਾਦਸਾ ਗੁਨਮਾ ਪ੍ਰੀਫੈਕਚਰ ਦੇ ਮਿਨਾਕਾਮੀ ਕਸਬੇ ਵਿੱਚ ਕਾਨ-ਏਤਸੂ ਐਕਸਪ੍ਰੈਸਵੇਅ 'ਤੇ ਵਾਪਰਿਆ। ਇੱਕ 77 ਸਾਲਾ ਔਰਤ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ 26 ਹੋਰ ਜ਼ਖਮੀ ਹੋ ਗਏ। ਹਾਦਸੇ ਦੇ ਸਮੇਂ, ਸਾਲ ਦੇ ਅੰਤ ਅਤੇ ਨਵੇਂ ਸਾਲ ਦੀਆਂ ਛੁੱਟੀਆਂ ਕਾਰਨ ਦੇਸ਼ ਵਿੱਚ ਭਾਰੀ ਆਵਾਜਾਈ ਸੀ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਜਰੂਰ ਮਿਲੋ
COMMERCIAL and RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential & Commercial
(317) 513-9456
jsamra@jassamra.com
www.jassamra.com
8555 N. River Rd. Suite 200 Indianapolis, IN 46240
Real Estate Lic Number Each Office Independently Owned And Operated
REALTOR


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਸਵਦੇਸ਼ੀ ਦਾ ਨਾਅਰਾ ਦੇਣ ਵਾਲੀ ਕੇਂਦਰ ਸਰਕਾਰ ਈਸਟ ਇੰਡੀਆ ਕੰਪਨੀ ਦੇ ਰਾਹ ਪਈ- ਕੁਲਤਾਰ ਸਿੰਘ ਸੰਧਵਾਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਨਿਊਜ਼ੀਲੈਂਡ ਦੇ ਸੇਬਾਂ ’ਤੇ ਆਯਾਤ ਡਿਊਟੀ ਨੂੰ ਮੁਕਤ ਵਪਾਰ ਸਮਝੌਤੇ ਦੇ ਤਹਿਤ 50 ਫੀਸਦੀ ਤੋਂ ਘਟਾ ਕੇ 25 ਫੀਸਦੀ ਕਰਨ ਦੇ ਫੈਸਲੇ ਦੀ ਕੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੇਬ ਉਤਪਾਦਕ ਕਿਸਾਨਾਂ ਨਾਲ “ਸਿੱਧਾ ਵਿਸ਼ਵਾਸਘਾਤ” ਹੈ ਅਤੇ ਇਹ ਨੀਤੀ ਸਵਦੇਸ਼ੀ ਦੇ ਨਾਅਰੇ ਨਾਲ ਪੂਰੀ ਤਰ੍ਹਾਂ ਵਿਰੋਧੀ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਹ ਕਦਮ ਈਸਟ ਇੰਡੀਆ ਕੰਪਨੀ ਦੀ ਯਾਦ ਤਾਜ਼ਾ ਕਰਵਾਉਂਦੇ ਹਨ, ਜਿੱਥੇ ਦੇਸੀ ਉਤਪਾਦਕਾਂ ਨੂੰ ਕਮਜ਼ੋਰ ਕਰਕੇ ਵਿਦੇਸ਼ੀ ਵਪਾਰਕ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਅਜਿਹੀਆਂ ਨੀਤੀਆਂ ਦੇਸ਼ ਦੀ ਲਗਭਗ 5,000 ਕਰੋੜ ਰੁਪਏ ਦੀ ਸੇਬ ਆਧਾਰਿਤ ਆਰਥਿਕਤਾ ਲਈ ਗੰਭੀਰ ਖ਼ਤਰਾ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਾਗਬਾਨੀ ’ਤੇ ਨਿਰਭਰ ਲੱਖਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ-ਰੋਟੀ ਇਸ ਫੈਸਲੇ ਨਾਲ ਪ੍ਰਭਾਵਿਤ ਹੋਵੇਗੀ। ਸਪੀਕਰ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਘਰੇਲੂ ਉਤਪਾਦਕਾਂ ਦੀ ਰੱਖਿਆ ਕਰਨ ਦੇ ਆਪਣੇ ਵਾਅਦਿਆਂ ਨੂੰ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਸੰਧਵਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਫੈਸਲੇ ’ਤੇ ਮੁੜ ਵਿਚਾਰ ਕਰੇ ਅਤੇ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਬਾਗਬਾਨੀ ਨਾਲ ਜੁੜੇ ਉਤਪਾਦਕਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਵੇ।

# ਵਨ ਸਟਾਪ ਸੈਂਟਰ ਰਾਹੀਂ 5121 ਹਿੰਸਾ ਪੀੜਤ ਔਰਤਾਂ ਨੂੰ ਮੁਫ਼ਤ ਸਹਾਇਤਾ- ਡਾ. ਬਲਜੀਤ ਕੌਰ


ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ ਸਥਾਪਿਤ ਵਨ ਸਟਾਪ ਸੈਂਟਰਾਂ ਰਾਹੀਂ ਚਾਲੂ ਵਿੱਤੀ ਸਾਲ ਦੌਰਾਨ ਨਵੰਬਰ ਮਹੀਨੇ ਤੱਕ 5121 ਹਿੰਸਾ ਪੀੜਤ ਔਰਤਾਂ ਨੂੰ ਮੁਫ਼ਤ ਮੈਡੀਕਲ ਅਤੇ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਹਰ ਮਹਿਲਾ ਨੂੰ ਸਮਾਜ ਵਿੱਚ ਮਾਣ, ਇੱਜ਼ਤ ਅਤੇ ਸੁਰੱਖਿਅਤ ਜ਼ਿੰਦਗੀ ਬਤੀਤ ਕਰਨ ਯੋਗ ਹੋਵੇ। ਇਸ ਮਕਸਦ ਤਹਿਤ ਸਟਾਪ ਸੈਂਟਰਾਂ ਰਾਹੀਂ ਹਿੰਸਾ ਪੀੜਤ ਮਹਿਲਾਵਾਂ ਨੂੰ ਇੱਕ ਹੀ ਥਾਂ ’ਤੇ ਮੁਫ਼ਤ ਮੈਡੀਕਲ ਇਲਾਜ, ਕਾਨੂੰਨੀ ਸਹਾਇਤਾ, ਪੁਲਿਸ ਸਹਿਯੋਗ, ਕੌਂਸਲਿੰਗ ਅਤੇ ਅਸਥਾਈ ਰਿਹਾਇਸ਼ ਵਰਗੀਆਂ ਅਹਿਮ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਹਿੰਸਾ ਪੀੜਤ ਹਰ ਮਹਿਲਾ ਨੂੰ ਸਿਰਫ਼ ਅੰਕੜਿਆਂ ਤੱਕ ਸੀਮਿਤ ਕਰ ਕੇ ਨਹੀਂ ਵੇਖਿਆ ਜਾ ਸਕਦਾ, ਕਿਉਂਕਿ ਉਸਦੇ ਪਿੱਛੇ ਇੱਕ ਟੁੱਟਿਆ ਹੋਇਆ ਹੌਸਲਾ, ਅਸੁਰੱਖਿਆ ਨਾਲ ਘਿਰਿਆ ਮਨ ਅਤੇ ਇਨਸਾਫ਼ ਦੀ ਮਜ਼ਬੂਤ ਉਮੀਦ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਹੈ ਕਿ ਹਰ ਅਜਿਹੀ ਮਹਿਲਾ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਰਹੇ ਅਤੇ ਉਸਨੂੰ ਸਿਰਫ਼ ਸੁਰੱਖਿਆ ਹੀ ਨਹੀਂ, ਸਗੋਂ ਭਰੋਸਾ, ਸਹਾਰਾ ਅਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੀ ਮੁਹੱਈਆ ਕਰਵਾਈ ਜਾਵੇ। ਵਨ ਸਟਾਪ ਸੈਂਟਰਾਂ ਰਾਹੀਂ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਮਹਿਲਾ ਆਪਣੇ ਦਰਦ ਨਾਲ ਇੱਕਲੀ ਨਾ ਰਹੇ ਅਤੇ ਉਸਨੂੰ ਇਨਸਾਫ਼ ਤੇ ਸਨਮਾਨ ਨਾਲ ਜੀਵਨ ਬਤੀਤ ਕਰਨ ਦਾ ਪੂਰਾ ਹੱਕ ਮਿਲੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਮਹਿਲਾਵਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ ਨੂੰ ਸਿਰਫ਼ ਯੋਜਨਾਵਾਂ ਤੱਕ ਸੀਮਿਤ ਨਹੀਂ ਰੱਖ ਰਹੀ, ਸਗੋਂ ਇਸਨੂੰ ਸ਼ਾਸਨ ਦੀ ਪ੍ਰਮੁੱਖ ਤਰਜੀਹ ਬਣਾਇਆ ਗਿਆ ਹੈ। ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਹਿੰਸਾ ਪੀੜਤ ਹਰ ਮਹਿਲਾ ਤੱਕ ਸਮੇਂ-ਸਿਰ ਸਹਾਇਤਾ ਪਹੁੰਚੇ ਅਤੇ ਉਸਨੂੰ ਇਨਸਾਫ਼, ਸੁਰੱਖਿਆ ਅਤੇ ਆਤਮ-ਨਿਰਭਰਤਾ ਵੱਲ ਅੱਗੇ ਵਧਣ ਲਈ ਪੂਰਾ ਸਰਕਾਰੀ ਸਹਾਰਾ ਮਿਲੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਮਹਿਲਾਵਾਂ ਦੀ ਸੁਰੱਖਿਆ, ਸਨਮਾਨ ਅਤੇ ਪੁਨਰਵਾਸ ਲਈ ਅਜਿਹੀਆਂ ਪਹਿਲਕਦਮੀਆਂ ਨੂੰ ਭਵਿੱਖ ਵਿੱਚ ਵੀ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਰਹੇਗੀ।

# 'ਯੁੱਧ ਨਸ਼ਿਆਂ ਵਿਰੁੱਧ’ ਦੇ 302ਵੇਂ ਦਿਨ ਪੰਜਾਬ ਪੁਲਿਸ ਵੱਲੋਂ 3 ਕਿਲੋ ਹੈਰੋਇਨ ਸਮੇਤ 97 ਨਸ਼ਾ ਤਸਕਰ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ ‘ਤੇ ਵਿੱਢੇ ਗਏ “ਯੁੱਧ ਨਸ਼ਿਆਂ ਵਿਰੁੱਧ” ਦੇ 302ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 351 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 81 ਐਫਆਈਆਰਜ਼ ਦਰਜ ਕਰਕੇ 97 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 302 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 42,203 ਹੋ ਗਈ ਹੈ। ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਫੜੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 3 ਕਿਲੋ ਹੈਰੋਇਨ, 1 ਕਿਲੋ ਅਫੀਮ, 1.4 ਕਿਲੋ ਗਾਂਜਾ, 21 ਕਿੱਲੋ ਭੁੱਕੀ, 557 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 16,910 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਇਸ ਆਪ੍ਰੇਸ਼ਨ ਦੌਰਾਨ 71 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 351 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 348 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ ‘ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 35 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

ਨਾਮ ਦੀ ਬਦਲੀ

ਮੈਂ, ਗੁਰਪ੍ਰੀਤ ਸਿੰਘ ਬਰਿਆਰ ਪੁੱਤਰ ਝਲਮਣ ਸਿੰਘ ਨਿਵਾਸੀ ਪਿੰਡ ਅਖਾੜਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਪੰਜਾਬ ਦਾ ਵਸਨੀਕ ਹਾਂ ਅਤੇ ਇਸ ਵੇਲੇ **3715 W Barstow AVE APT 124 Fresno CA 93711 USA** ਵਿਖੇ ਰਹਿ ਰਿਹਾ ਹਾਂ। ਹੁਣ ਮੈਂ ਆਪਣਾ ਨਾਮ ਬਦਲ ਕੇ ਗੁਰਪ੍ਰੀਤ ਸਿੰਘ ਰੱਖ ਲਿਆ ਹੈ। ਸਾਰੇ ਸਬੰਧਤ ਨੋਟ ਕਰਨ।

CHANGE OF NAME

I,Gurpreet Singh Baryar S/o Jhalman Singh R/o VPO Akhara, Tehsil Jagraon, Distt. Ludhiana Punjab, currently reside at 3715 W Barstow AVE APT 124 Fresno CA 93711 USA have changed my name as Gurpreet Singh.




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਮਨਰੇਗਾ ਵਿੱਚ ਬਦਲਾਅ ਕਰਕੇ ਗਰੀਬਾਂ ਦੀ ਰੋਜ਼ੀ-ਰੋਟੀ ਖੋਹਣ ਦੀ ਸਾਜ਼ਿਸ਼ ਕਰ ਰਹੀ ਭਾਜਪਾ ਦੀ ਕੇਂਦਰ ਸਰਕਾਰ- ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਨੇ ਮਨਰੇਗਾ ਵਿੱਚ ਕੀਤੇ ਗਏ ਬਦਲਾਅ ਨੂੰ ਲੈ ਕੇ ਭਾਜਪਾ ਦੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। "ਆਪ" ਵਿਧਾਇਕ ਅਤੇ ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਮਨਰੇਗਾ ਵਿੱਚ ਬਦਲਾਅ ਕਰਕੇ ਗਰੀਬਾਂ ਦੀ ਰੋਜ਼ੀ-ਰੋਟੀ ਖੋਹਣ ਦੀ ਸਾਜ਼ਿਸ਼ ਕਰ ਰਹੀ ਹੈ। ਸਰਕਾਰ ਨੂੰ ਵੀਬੀ-ਜੀ ਰਾਮ-ਜੀ ਬਿੱਲ ਵਾਪਸ ਲੈਣਾ ਚਾਹੀਦਾ ਹੈ ਅਤੇ ਮਨਰੇਗਾ ਨੂੰ ਮੁੜ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਰਾਹੀਂ ਕੇਂਦਰ 100 ਫੀਸਦੀ ਫੰਡਿੰਗ ਤੋਂ ਪਿੱਛੇ ਹਟਦਿਆਂ ਸੂਬਿਆਂ 'ਤੇ 40 ਫੀਸਦੀ ਦਾ ਬੋਝ ਪਾ ਦਿੱਤਾ ਹੈ। ਆਮ ਆਦਮੀ ਪਾਰਟੀ ਮਜ਼ਦੂਰਾਂ ਦੇ ਹੱਕ ਵਿੱਚ ਵੱਡਾ ਸੰਘਰਸ਼ ਕਰੇਗੀ ਅਤੇ ਉਨ੍ਹਾਂ ਦਾ ਰੋਜ਼ਗਾਰ ਨਹੀਂ ਖੋਹਣ ਦੇਵੇਗੀ।

ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਐਤਵਾਰ ਨੂੰ ਪ੍ਰੈੱਸ ਵਾਰਤਾ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤੇ ਜਾ ਰਹੇ ਬਦਲਾਵਾਂ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਦੀ ਨਵੀਂ ਮਜ਼ਦੂਰ ਵਿਰੋਧੀ ਨੀਤੀ ਦੇਸ਼ ਦੇ ਗਰੀਬਾਂ ਦੇ ਮੂੰਹੋਂ ਰੋਟੀ ਖੋਹਣ ਦੀ ਸਾਜ਼ਿਸ਼ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਮਨਰੇਗਾ ਦਾ ਨਾਂ ਬਦਲ ਕੇ 'ਵੀ-ਬੀ-ਜੀ ਰਾਮ-ਜੀ ਐਕਟ' ਰੱਖ ਦਿੱਤਾ ਹੈ ਅਤੇ ਇਸ ਨਵੇਂ ਨਾਂ ਹੇਠ ਜੋ ਕੁਝ ਕੀਤਾ ਜਾ ਰਿਹਾ ਹੈ ਉਹ ਬੇਹੱਦ ਖ਼ਤਰਨਾਕ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਮਨਰੇਗਾ ਦਾ 100 ਫੀਸਦੀ ਬਜਟ ਕੇਂਦਰ ਸਰਕਾਰ ਦਿੰਦੀ ਸੀ, ਪਰ ਹੁਣ ਇਸ ਨੂੰ 60-40 ਦੇ ਅਨੁਪਾਤ ਵਿੱਚ ਵੰਡ ਦਿੱਤਾ ਗਿਆ ਹੈ। ਹੁਣ 60 ਫੀਸਦੀ ਕੇਂਦਰ ਦੇਵੇਗਾ ਅਤੇ 40 ਫੀਸਦੀ ਸੂਬਿਆਂ ਨੂੰ ਦੇਣਾ ਪਵੇਗਾ। ਉਨ੍ਹਾਂ ਸਵਾਲ ਉਠਾਇਆ ਕਿ ਜਦੋਂ ਸੂਬਿਆਂ ਦੀ ਜੀਐੱਸਟੀ ਪਹਿਲਾਂ ਹੀ ਕੇਂਦਰ ਕੋਲ ਜਾਂਦੀ ਹੈ ਤਾਂ ਸੂਬੇ ਇਹ 40 ਫੀਸਦੀ ਹਿੱਸਾ ਕਿੱਥੋਂ ਦੇਣਗੇ?



ਵਿਧਾਇਕ ਧਾਲੀਵਾਲ ਨੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਨਵੀਂ ਨੀਤੀ ਤਹਿਤ ਬਿਜਾਈ ਅਤੇ ਵਾਢੀ ਦੇ ਖੇਤੀ ਸੀਜ਼ਨ ਵਿੱਚ ਮਨਰੇਗਾ ਦਾ ਕੰਮ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਪੁੱਛਿਆ ਕਿ ਜਿਨ੍ਹਾਂ ਗਰੀਬ ਮਜ਼ਦੂਰਾਂ ਕੋਲ ਇੱਕ ਕਨਾਲ ਜ਼ਮੀਨ ਵੀ ਨਹੀਂ ਹੈ, ਜਿਨ੍ਹਾਂ ਨੇ ਦੋ ਮਰਲੇ ਕਣਕ ਵੀ ਨਹੀਂ ਬੀਜੀ, ਉਹ ਇਨ੍ਹਾਂ ਦੋ ਮਹੀਨਿਆਂ ਵਿੱਚ ਰੋਟੀ ਕਿੱਥੋਂ ਖਾਣਗੇ? ਪਹਿਲਾਂ 100 ਦਿਨ ਕੰਮ ਦੀ ਗਰੰਟੀ ਸੀ ਅਤੇ ਮਜ਼ਦੂਰ ਆਪਣੀ ਮਰਜ਼ੀ ਨਾਲ ਜਦੋਂ ਚਾਹੇ ਕੰਮ ਕਰ ਸਕਦਾ ਸੀ, ਪਰ ਹੁਣ ਇਹ ਗਰੰਟੀ ਵੀ ਖ਼ਤਮ ਹੋ ਰਹੀ ਹੈ।

ਧਾਲੀਵਾਲ ਨੇ ਕਿਹਾ ਕਿ ਭਾਜਪਾ ਪਿਛਲੇ 14 ਸਾਲਾਂ ਤੋਂ ਇਸ ਦੇਸ਼ ਦੇ ਧਨਾਢ ਲੋਕਾਂ ਦੇ ਹੱਕ ਵਿੱਚ ਕੰਮ ਕਰ ਰਹੀ ਹੈ ਅਤੇ ਗਰੀਬਾਂ ਦਾ ਗਲਾ ਘੁੱਟ ਰਹੀ ਹੈ। ਉਨ੍ਹਾਂ ਯਾਦ ਕਰਵਾਇਆ ਕਿ ਹਾਲ ਹੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਵਿੱਚ ਅਜਨਾਲਾ ਸਮੇਤ ਕਈ ਇਲਾਕਿਆਂ ਵਿੱਚ ਭਾਰੀ ਨੁਕਸਾਨ ਹੋਇਆ, ਕੇਂਦਰ ਨੇ 1600 ਕਰੋੜ ਦਾ ਐਲਾਨ ਕੀਤਾ ਪਰ ਇੱਕ ਨਵਾਂ ਪੈਸਾ ਵੀ ਨਹੀਂ ਦਿੱਤਾ। ਪੇਂਡੂ ਵਿਕਾਸ ਦੇ ਫੰਡ ਵੀ ਰੋਕੇ ਜਾ ਰਹੇ ਹਨ।

ਆਪ ਆਗੂ ਨੇ ਸਪੱਸ਼ਟ ਕੀਤਾ ਕਿ ਮਨਰੇਗਾ ਕੋਈ ਖ਼ੈਰਾਤ ਨਹੀਂ ਹੈ, ਇਹ ਸੂਬਿਆਂ ਦੀ ਜੀਐੱਸਟੀ ਵਿੱਚੋਂ ਹੀ ਆਉਣ ਵਾਲਾ ਫੰਡ ਹੈ ਜੋ ਹੁਣ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨਵੀਂ ਨੀਤੀ ਗ੍ਰਾਮ ਪੰਚਾਇਤਾਂ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧਿਕਾਰਾਂ 'ਤੇ ਵੀ ਵੱਡਾ ਝਟਕਾ ਹੈ। ਪਹਿਲਾਂ ਇਨ੍ਹਾਂ ਰਾਹੀਂ ਪਿੰਡਾਂ ਵਿੱਚ ਵਿਕਾਸ ਦੇ ਕਈ ਕੰਮ ਮਨਰੇਗਾ ਤੋਂ ਹੁੰਦੇ ਸਨ, ਹੁਣ ਉਹ ਰਸਤਾ ਵੀ ਬੰਦ ਹੋ ਰਿਹਾ ਹੈ।

ਧਾਲੀਵਾਲ ਨੇ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ 'ਵੀਬੀ-ਜੀ ਰਾਮ-ਜੀ ਐਕਟ' ਨੂੰ ਵਾਪਸ ਲਿਆ ਜਾਵੇ ਅਤੇ 2005 ਵਿੱਚ ਬਣਿਆ ਮੂਲ ਮਨਰੇਗਾ ਕਾਨੂੰਨ ਹੂ-ਬ-ਹੂ ਲਾਗੂ ਕੀਤਾ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਹ ਬਦਲਾਅ ਵਾਪਸ ਨਹੀਂ ਲਏ ਗਏ ਤਾਂ ਆਮ ਆਦਮੀ ਪਾਰਟੀ ਇਸ ਖ਼ਿਲਾਫ਼ ਵੱਡਾ ਸੰਘਰਸ਼ ਕਰੇਗੀ।

ਅੰਤ ਵਿੱਚ ਵਿਧਾਇਕ ਧਾਲੀਵਾਲ ਨੇ ਪੰਜਾਬ ਦੇ ਮਜ਼ਦੂਰਾਂ ਅਤੇ ਗਰੀਬ ਜਨਤਾ ਨੂੰ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਉਨ੍ਹਾਂ ਦੇ ਹਿੱਤਾਂ ਲਈ ਦੇਸ਼ ਅਤੇ ਪੰਜਾਬ ਦੋਵਾਂ ਵਿੱਚ ਲੜਾਈ ਲੜੇਗੀ ਅਤੇ ਕਿਸੇ ਵੀ ਹਾਲਤ ਵਿੱਚ ਗਰੀਬਾਂ ਦਾ ਰੋਜ਼ਗਾਰ ਨਹੀਂ ਖੋਹਣ ਦੇਵੇਗੀ।

# ਪੰਜਾਬ ਨੇ ਸਾਲ 2025 ਦੌਰਾਨ ਮੁੱਢਲੀਆਂ ਦੇਖਭਾਲ ਸੇਵਾਵਾਂ ਤੋਂ ਲੈ ਕੇ ਜਿਗਰ ਟ੍ਰਾਂਸਪਲਾਂਟ ਤੱਕ ਸਿਹਤ ਸੰਭਾਲ ਵਿੱਚ ਨਵੀਆਂ ਉਚਾਈਆਂ ਛੂਹੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਲ 2025 ਦੌਰਾਨ ਹਰੇਕ ਨਾਗਰਿਕ ਲਈ ਪਹੁੰਚਯੋਗ, ਕਿਫ਼ਾਇਤੀ ਅਤੇ ਉੱਨਤ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਇਸ ਮਿਆਦ ਦੌਰਾਨ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਤੋਂ ਲੈ ਕੇ ਜਿਗਰ ਟ੍ਰਾਂਸਪਲਾਂਟ ਤੱਕ ਬੁਨਿਆਦੀ ਢਾਂਚੇ, ਸਿਹਤ ਸੰਭਾਲ ਸੇਵਾਵਾਂ ਅਧੀਨ ਵੱਧ ਤੋਂ ਵੱਧ ਲੋਕਾਂ ਨੂੰ ਕਵਰ ਕਰਨ ਅਤੇ ਮਨੁੱਖੀ ਸਰੋਤ ਢਾਂਚੇ ਦੀ ਮਜ਼ਬੂਤੀ ਵਿੱਚ ਬੇਮਿਸਾਲ ਵਾਧਾ ਦੇਖਿਆ ਗਿਆ ਹੈ।ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਨੇ ਪ੍ਰਾਇਮਰੀ ਸਿਹਤ ਸੰਭਾਲ ਵਿੱਚ ਵੱਡੀ ਕ੍ਰਾਂਤੀ ਲਿਆਂਦੀ ਹੈ ਅਤੇ ਇਨ੍ਹਾਂ ਕਲੀਨਿਕਾਂ ਦੇ ਸਥਾਪਤ ਹੋਣ ਤੋਂ ਲੈ ਕੇ ਹੁਣ ਤੱਕ 881 ਕਲੀਨਿਕਾਂ ਵਿੱਚ 4.59 ਕਰੋੜ ਤੋਂ ਵੱਧ ਮਰੀਜ਼ਾਂ ਨੇ ਇਲਾਜ ਸੇਵਾਵਾਂ ਲਈਆਂ ਹਨ, ਜਿਸ ਵਿੱਚ 1.59 ਕਰੋੜ ਯੂਨੀਕ ਪੇਸ਼ੈਂਟ ਸ਼ਾਮਲ ਹਨ। ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 107 ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫਤ ਪ੍ਰਦਾਨ ਕੀਤੇ ਜਾ ਰਹੇ ਹਨ, ਜਿਸ ਨਾਲ ਪੰਜਾਬੀਆਂ 'ਤੇ ਖ਼ਰਚੇ ਦਾ ਬੋਝ ਕਾਫ਼ੀ ਘਟਿਆ ਹੈ। ਉਨ੍ਹਾਂ ਕਿਹ ਕਿ ਇਸਦੇ ਨਾਲ ਹੀ 235 ਹੋਰ ਆਮ ਆਦਮੀ ਕਲੀਨਿਕ ਪ੍ਰਗਤੀ ਅਧੀਨ ਹਨ, ਸਿਹਤ ਸੰਭਾਲ ਸੇਵਾਵਾਂ ਦੇ ਅੱਗੇ ਹੋਰ ਵਿਸਥਾਰ ਨੂੰ ਯਕੀਨੀ ਬਣਾਉਣਗੇ।ਇੱਕ ਇਤਿਹਾਸਕ ਫੈਸਲੇ ਤਹਿਤ ਸੂਬਾ ਸਰਕਾਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਆਉਣ ਵਾਲੇ ਮਹੀਨੇ ਵਿੱਚ ਕਵਰੇਜ ਰਾਸ਼ੀ ਨੂੰ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਕਿ ਪੰਜਾਬ ਅਤੇ ਚੰਡੀਗੜ੍ਹ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦ ਰਹਿਤ ਇਲਾਜ ਪ੍ਰਦਾਨ ਕਰੇਗਾ। ਸਿਹਤ ਮੰਤਰੀ ਨੇ ਕਿਹਾ ਕਿ ਇਹ ਵਿਆਪਕ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਅਤੇ ਲੋਕਾਂ ਨੂੰ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ ਜਿੱਥੇ ਹਰ ਪਰਿਵਾਰ ਪ੍ਰਤੀ ਸਾਲ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਲੈ ਸਕੇਗਾ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਜ਼ਰੂਰੀ ਦਵਾਈਆਂ ਦੀ ਸੂਚੀ 276 ਤੋਂ ਵਧਾ ਕੇ 360 ਦਵਾਈਆਂ ਤੱਕ ਕਰਨ ਨਾਲ ਮੁਫ਼ਤ ਦਵਾਈਆਂ ਪ੍ਰਦਾਨ ਕਰਨ ਦੀ ਪਹਿਲਕਦਮੀ ਨੂੰ ਹੋਰ ਮਜ਼ਬੂਤੀ ਮਿਲੀ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ 2025 ਤੋਂ ਹੁਣ ਤੱਕ 104 ਕਰੋੜ ਰੁਪਏ ਤੋਂ ਵੱਧ ਦੀਆਂ ਦਵਾਈਆਂ ਅਤੇ ਸਪਲਾਈਜ਼ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੀਐਮਓ/ਐਸਐਮਓ ਨੂੰ ਸਥਾਨਕ ਪੱਧਰ 'ਤੇ ਈਡੀਐਲ-ਨਾਨ ਈਡੀਐਲ ਦਵਾਈਆਂ ਦੀ ਖਰੀਦ ਲਈ ਅਧਿਕਾਰਤ ਕੀਤਾ ਗਿਆ ਹੈ ਅਤੇ ਸਿਹਤ ਸਹੂਲਤਾਂ ਵਿੱਚ ਦਵਾਈਆਂ ਦੀ ਨਿਰਵਿਘਨ ਉਪਲਬਧਤਾ ਨੂੰ ਯਕੀਨੀ ਬਣਾਉਂਦਿਆਂ ਇਸ ਉਦੇਸ਼ ਲਈ ਮਿਤੀ 01-04-2025 ਤੋਂ 16 ਕਰੋੜ ਰੁਪਏ ਦੇ ਫੰਡਾਂ ਦੀ ਵਰਤੋਂ ਕੀਤੀ ਗਈ ਹੈ।ਸਿਹਤ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਡਾਇਗਨੌਸਟਿਕ ਪਹਿਲਕਦਮੀ ਤਹਿਤ ਸਾਰੀਆਂ ਸੈਕੰਡਰੀ ਸਿਹਤ ਸੰਭਾਲ ਸਹੂਲਤਾਂ ਜਾਂ ਸੂਚੀਬੱਧ ਡਾਇਗਨੌਸਟਿਕ ਸੈਂਟਰਾਂ ਵਿਖੇ ਐਕਸ-ਰੇ ਅਤੇ ਅਲਟਰਾਸਾਊਂਡ ਸਹੂਲਤਾਂ ਸਰਕਾਰ ਵੱਲੋਂ ਨਿਰਧਾਰਤ ਕਿਫ਼ਾਇਤੀ ਦਰਾਂ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਮਨੁੱਖੀ ਸਰੋਤ ਦੇ ਪਾੜੇ ਨੂੰ ਪੂਰਨ ਲਈ ਪਿਛਲੇ ਤਿੰਨ ਸਾਲਾਂ ਵਿੱਚ 3,620 ਸਿਹਤ ਪੇਸ਼ੇਵਰਾਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚ ਸਪੈਸ਼ਲਿਟ, ਮੈਡੀਕਲ ਅਫ਼ਸਰ, ਨਰਸਾਂ ਅਤੇ ਫਰੰਟਲਾਈਨ ਵਰਕਰ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ 65 ਸਾਲ ਤੱਕ ਦੇ ਸਪੈਸ਼ਲਿਸਟਾਂ ਦੀ ਮੁੜ ਨਿਯੁਕਤੀ ਅਤੇ ਇੰਪੈਨਲਮੈਂਟ ਦੇ ਆਧਾਰ 'ਤੇ ਸੇਵਾਵਾਂ ਲੈਣ ਵਰਗੀਆਂ ਵਿਸ਼ੇਸ਼ ਪਹਿਲਕਦਮੀਆਂ ਨਾਲ ਸਪੈਸ਼ਲਿਸਟ ਡਾਕਟਰਾਂ ਦੀਆਂ ਸੇਵਾਵਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਡਾਕਟਰੀ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਪੰਜਾਬ ਨੇ ਮੋਹਾਲੀ ਦੇ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ (ਪੀਆਈਐਲਬੀਐਸ) ਵਿਖੇ ਪਹਿਲੀ ਸਫ਼ਲ ਜਿਗਰ ਟ੍ਰਾਂਸਪਲਾਂਟ ਸਰਜਰੀ ਕਰਕੇ ਇੱਕ ਇਤਿਹਾਸਕ ਮੀਲ ਪੱਥਰ ਹਾਸਲ ਕੀਤਾ ਹੈ। ਇਸ ਤੋਂ ਇਲਾਵਾ, ਅੰਮ੍ਰਿਤਸਰ, ਪਟਿਆਲਾ, ਮੋਹਾਲੀ, ਫਰੀਦਕੋਟ ਅਤੇ ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੀਜੀ ਅਤੇ ਐਮਬੀਬੀਐਸ ਦੀਆਂ ਸੀਟਾਂ ਵਧਾਈਆਂ ਗਈਆਂ ਹਨ, ਜਿਸ ਨਾਲ ਟਰਸ਼ਰੀ ਕੇਅਰ ਟ੍ਰੇਨਿੰਗ ਸਮਰੱਥਾ ਵਧੀ ਹੈ।

ਸੀਐਮ ਦੀ ਯੋਗਸ਼ਾਲਾ ਪਹਿਲਕਦਮੀ ਤਹਿਤ 6 ਲੱਖ ਤੋਂ ਵੱਧ ਲੋਕਾਂ ਨੇ ਲਾਭ ਉਠਾਇਆ ਹੈ, ਜਿਸ ਵਿੱਚ 23 ਜ਼ਿਲ੍ਹਿਆਂ ਵਿੱਚ 1.64 ਲੱਖ ਤੋਂ ਵੱਧ ਲੋਕ ਰੋਜ਼ਾਨਾ 5,347 ਕਲਾਸਾਂ 'ਚ ਸ਼ਾਮਲ ਹੋ ਰਹੇ ਹਨ। ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਨੇ 3,300 ਯੋਗਾ ਇੰਸਟ੍ਰਕਟਰਾਂ ਨੂੰ ਸਿਖਲਾਈ ਦੇਣ ਲਈ ਮੈਡੀਟੇਸ਼ਨ ਅਤੇ ਯੋਗਾ ਸਾਇੰਸਜ਼ ਵਿੱਚ ਇੱਕ ਸਾਲ ਦਾ ਡਿਪਲੋਮਾ ਵੀ ਸ਼ੁਰੂ ਕੀਤਾ ਹੈ।ਸਿਹਤ ਮੰਤਰੀ ਨੇ ਦੱਸਿਆ ਕਿ ਸਾਲ 2025 ਵਿੱਚ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਬੇਹੱਦ ਪ੍ਰਭਾਵਸ਼ਾਲੀ ਸਾਬਤ ਹੋਈ, ਜਿਸ ਵਿੱਚ 2023 ਦੇ ਮੁਕਾਬਲੇ ਡੇਂਗੂ ਦੇ ਮਾਮਲਿਆਂ ਵਿੱਚ 70 ਫੀਸਦ ਕਮੀ ਆਈ ਅਤੇ ਮੌਤਾਂ ਦੀ ਗਿਣਤੀ 90 ਫੀਸਦ ਤੱਕ ਘਟੀ।ਪੰਜਾਬ ਐਸ.ਟੀ.ਈ.ਐਮ.ਆਈ. (ਸਟੈਮੀ) ਅਤੇ ਸਟ੍ਰੋਕ ਪ੍ਰੋਜੈਕਟਾਂ ਤਹਿਤ ਗੈਰ-ਸੰਚਾਰੀ ਬਿਮਾਰੀਆਂ 'ਤੇ ਕਾਬੂ ਪਾਉਣ ਵਿੱਚ ਮਹੱਤਵਪੂਰਨ ਸਫ਼ਲਤਾ ਮਿਲੀ ਹੈ ਅਤੇ ਇਨ੍ਹਾਂ ਪ੍ਰੋਜੈਕਟਾਂ ਦਾ ਵਿਸਥਾਰ ਹੁਣ ਸਾਰੇ 23 ਜ਼ਿਲ੍ਹਿਆਂ ਵਿੱਚ ਕਰ ਦਿੱਤਾ ਗਿਆ ਹੈ। ਸਟੈਮੀ ਪ੍ਰੋਜੈਕਟ ਦਾ ਉਦੇਸ਼ ਥ੍ਰੋਮੋਬੋਲਿਸਿਸ 'ਤੇ ਧਿਆਨ ਕੇਂਦਰਿਤ ਕਰਦਿਆਂ ਸਟੈਮੀ (ਦਿਲ ਦੇ ਦੌਰੇ) ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਇਲਾਜ ਪ੍ਰਦਾਨ ਕਰਨਾ ਹੈ। ਟੈਨੈਕਟੇਪਲਾਸ ਇੰਜੈਕਸ਼ਨ, ਜੋ ਦਿਲ ਵਿੱਚ ਖੂਨ ਦੇ ਥੱਕਿਆਂ ਦੇ ਘੁਲਣ ਵਿੱਚ ਮਦਦ ਕਰਦਾ ਹੈ ਜਿਸਦੀ ਕੀਮਤ 25000 ਤੋਂ 35000 ਰੁਪਏ ਦੇ ਵਿਚਕਾਰ ਹੈ, ਇਸ ਪ੍ਰੋਜੈਕਟ ਤਹਿਤ ਮੁਫ਼ਤ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਸਟ੍ਰੋਕ ਪ੍ਰੋਜੈਕਟ ਦਾ ਉਦੇਸ਼ ਇਸਕੇਮਿਕ ਸਟ੍ਰੋਕ ਤੋਂ ਪੀੜਤ ਸਟ੍ਰੋਕ ਮਰੀਜ਼ਾਂ ਨੂੰ ਮੁਫ਼ਤ ਮਕੈਨੀਕਲ ਥ੍ਰੋਮਬੈਕਟੋਮੀ ਪ੍ਰਦਾਨ ਕਰਨਾ ਹੈ।ਪੰਜਾਬ ਸਰਕਾਰ ਨੇ ਪੰਜ ਜ਼ਿਲ੍ਹਿਆਂ ਵਿੱਚ ਏਆਈ-ਅਧਾਰਤ ਕੈਂਸਰ ਸਕ੍ਰੀਨਿੰਗ ਪ੍ਰੋਜੈਕਟ ਵੀ ਸ਼ੁਰੂ ਕੀਤਾ ਹੈ ਅਤੇ ਜ਼ਿਲ੍ਹਾ ਡੇਅ ਕੇਅਰ ਕੈਂਸਰ ਸੈਂਟਰ ਬਠਿੰਡਾ ਅਤੇ ਜਲੰਧਰ ਵਿੱਚ ਕਾਰਜਸ਼ੀਲ ਹੋ ਗਏ ਹਨ।ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ ਤਹਿਤ 5.09 ਲੱਖ ਤੋਂ ਵੱਧ ਲੋਕਾਂ ਦੀ ਹੈਪੇਟਾਈਟਸ ਸੀ ਅਤੇ 3.69 ਲੱਖ ਲੋਕਾਂ ਦੀ ਹੈਪੇਟਾਈਟਸ ਬੀ ਲਈ ਜਾਂਚ ਕੀਤੀ ਗਈ, ਜਿਸ ਉਪਰੰਤ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ। ਇਸਦੇ ਨਾਲ ਹੀ ਇਸ ਮਿਆਦ ਦੌਰਾਨ 2,400 ਸਿਹਤ ਅਤੇ ਤੰਦਰੁਸਤੀ ਕੇਂਦਰਾਂ ਅਤੇ ਸਾਰੇ ਆਮ ਆਦਮੀ ਕਲੀਨਿਕਾਂ ਵਿਖੇ ਹੈਪੇਟਾਈਟਸ ਟੈਸਟਿੰਗ ਕਿੱਟਾਂ ਉਪਲਬਧ ਕਰਵਾਈਆਂ ਗਈਆਂ।ਬੁਨਿਆਦੀ ਢਾਂਚਾ ਅਪਗ੍ਰੇਡਾਂ ਵਿੱਚ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਐਮਰਜੈਂਸੀ ਵਿੰਗ ਦਾ ਨਵੀਨੀਕਰਨ, ਅੰਮ੍ਰਿਤਸਰ ਅਤੇ ਪਟਿਆਲਾ ਵਿੱਚ ਨਵੇਂ ਟਰਾਮਾ ਸੈਂਟਰ ਅਤੇ ਫਰੀਦਕੋਟ ਵਿੱਚ ਸੁਪਰ-ਸਪੈਸ਼ਲਿਟੀ ਬਲਾਕ, ਚਾਈਲਡ ਬਲਾਕ ਅਤੇ ਕੈਫੇਟੇਰੀਆ ਦਾ ਵਿਕਾਸ ਸ਼ਾਮਲ ਹੈ। ਸੂਬੇ ਭਰ ਦੇ ਮੈਡੀਕਲ ਕਾਲਜਾਂ ਵਿੱਚ ਨਿਊ ਬਰਨ ਯੂਨਿਟ, ਹੋਸਟਲ ਅਤੇ ਸਟਾਫ਼ ਹਾਊਸਿੰਗ ਪ੍ਰੋਜੈਕਟ ਵੀ ਚੱਲ ਰਹੇ ਹਨ।

## ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...


NOW OPEN
NOW OPEN
Tandoori
FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori
FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

# HOMEOPATHIC NATURAL MEDICINES

## When Tired of All Treatments, For any Disease, at any Age Try Alternative Treatment

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

## ਲੇਖਾ-ਜੋਖਾ 2025

# ਸਾਲ 2025 ਦੌਰਾਨ ਵਿਕਾਸ ਦਾ 'ਧੁਰਾ' ਰਿਹਾ ਹਲਕਾ 'ਧੂਰੀ'

ਧੂਰੀ
ਸਾਂਝੀ ਸੋਚ ਬਿਊਰੋ

ਸਾਲ 2025 ਹਲਕਾ ਧੂਰੀ ਲਈ ਵਿਕਾਸ ਕਾਰਜਾਂ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਲੋਕ-ਹਿਤਕਾਰੀ ਪਹਿਲਕਦਮੀਆਂ ਦੇ ਰੂਪ ਵਿੱਚ ਇੱਕ ਮਹੱਤਵਪੂਰਨ ਸਾਲ ਸਾਬਤ ਹੋਇਆ ਹੈ। ਇਸ ਦੌਰਾਨ ਮੁੱਖ ਮੰਤਰੀਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਵਿਧਾਨ ਸਭਾ ਹਲਕੇ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਯੋਜਨਾਬੱਧ ਢੰਗ ਨਾਲ 329 ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਏ ਗਏ, ਜਿਸ ਨਾਲ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਸੁਧਾਰ ਸਪਸ਼ਟ ਤੌਰ 'ਤੇ ਨਜ਼ਰ ਆਇਆ।

ਹਲਕਾ ਧੂਰੀ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਵਜੋਂ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ਅਤੇ ਇਥੇ ਮਈ 2025 ਵਿੱਚ ਸਥਾਪਤ ਕੀਤਾ ਗਿਆ ਮੁੱਖ ਮੰਤਰੀ ਸਹਾਇਤਾ ਕੇਂਦਰ ਹਲਕਾ ਵਾਸੀਆਂ ਨੂੰ ਨਾਗਰਿਕ-ਕੇਂਦ੍ਰਿਤ ਸ਼ਾਸਨ ਪ੍ਰਦਾਨ ਕਰਨ ਵਿੱਚ ਅਤੇ ਆਪਣੇ ਹਲਕੇ ਦੇ ਵਿਧਾਇਕ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਸਿੱਧਾ ਰਾਬਤਾ ਬਣਾਉਣ ਵਿੱਚ ਸਹਾਈ ਹੋਇਆ। ਦਫ਼ਤਰ ਵਿੱਚ ਲੋਕ ਨੁਮਾਇੰਦੇ ਅਤੇ ਸਰਕਾਰੀ ਅਧਿਕਾਰੀ ਆਪਣੀ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕਰਦੇ ਹੋਏ ਇਕ ਮਜ਼ਬੂਤ ਕੜੀ ਵਜੋ ਕੰਮ ਕਰ ਰਹੇ ਹਨ ਅਤੇ ਸਮੇਂ-ਸਮੇਂ 'ਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਫ਼ਤਰ ਵਿਖੇ ਆ ਕੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਦੇ ਹਨ ਅਤੇ ਹਲਕੇ ਦੇ ਸਰਪੰਚਾਂ ਤੇ ਕੌਂਸਲਰਾਂ ਨਾਲ ਬੈਠਕਾਂ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਸਬੰਧੀ ਵਿਚਾਰ ਵਟਾਂਦਰਾ ਕਰਕੇ ਮੁੱਖ ਮੰਤਰੀ ਸਹਾਇਤਾ ਕੇਂਦਰ ਵਿੱਚ ਹਲਕੇ ਦੇ ਵਿਕਾਸ ਲਈ ਨਵੀਂਆਂ ਯੋਜਨਾਵਾਂ ਉਲੀਕੀਆਂ ਜਾਂਦੀਆਂ ਹਨ।




ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਵੀ ਧੂਰੀ ਨੂੰ ਸਾਲ 2025 ਦੌਰਾਨ ਇੱਕ ਵੱਡੀ ਸੌਗਾਤ ਮਿਲੀ। 1.59 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਅਤਿ-ਆਧੁਨਿਕ ਜਨਤਕ ਲਾਇਬ੍ਰੇਰੀ ਲੋਕਾਂ ਲਈ ਖੋਲ੍ਹੀ ਗਈ, ਜੋ 3,710 ਵਰਗ ਫੁੱਟ ਖੇਤਰ ਵਿੱਚ ਸਥਿਤ ਹੈ ਅਤੇ ਵਾਈ-ਫਾਈ, ਡਿਜੀਟਲ ਪਾਠਕ ਸਹੂਲਤਾਂ ਅਤੇ ਸੂਰਜੀ ਊਰਜਾ ਨਾਲ ਲੈਸ ਹੈ। ਇਸਦੇ ਨਾਲ ਹੀ ਧੂਰੀ ਵਿੱਚ ਅਤਿ-ਆਧੁਨਿਕ ਖੇਡ ਸਟੇਡੀਅਮ ਦੀ ਯੋਜਨਾ ਨੂੰ ਅਮਲੀ ਰੂਪ ਦਿੱਤਾ ਗਿਆ, ਜਿਸ ਨਾਲ ਨੌਜਵਾਨਾਂ ਲਈ ਖੇਡਾਂ ਦੇ ਮੌਕੇ ਵਧਣਗੇ ਅਤੇ ਪਿੰਡ ਬੇਨੜਾ ਵਿਖੇ ਅਤਿ ਆਧੁਨਿਕ ਮਸ਼ੀਨਰੀ ਵਾਲਾ ਜਿੰਮ ਵੀ ਸਥਾਪਤ ਕੀਤਾ ਗਿਆ ਹੈ ਜੋ ਨੌਜਵਾਨਾਂ ਸਮੇਤ ਹਰੇਕ ਉਮਰ ਵਰਗ ਨੂੰ ਸਰੀਰਕ ਤੰਦਰੁਸਤੀ ਲਈ ਪ੍ਰੇਰਿਤ ਕਰਦਾ ਹੈ।

ਸਿਹਤ ਸੇਵਾਵਾਂ ਦੇ ਖੇਤਰ ਵਿੱਚ ਹਲਕੇ ਵਿੱਚ ਬਣੇ 10 ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਸਿਹਤ ਸੇਵਾਵਾਂ ਉਪਲਬਧ ਕਰਵਾਈਆਂ ਗਈਆਂ ਅਤੇ ਹੋਰ 3 ਨਵੇਂ ਆਮ ਆਦਮੀ ਕਲੀਨਿਕ ਬਣਕੇ ਤਿਆਰ ਹਨ ਜੋ ਜਲਦੀ ਹੀ ਹਲਕਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ। ਇਸ ਦੇ ਨਾਲ ਹੀ ਧੂਰੀ ਵਿਖੇ ਤਕਰੀਬਨ 22 ਕਰੋੜ ਰੁਪਏ ਦੀ ਲਾਗਤ ਨਾਲ ਸਬ ਡਵੀਜ਼ਨਲ ਹਸਪਤਾਲ ਅਤੇ ਮੈਟਰਨਲ ਤੇ ਚਾਈਲਡ ਕੇਅਰ ਬਿਲਡਿੰਗ ਦੇ ਨਵੇਂ ਬਲਾਕ ਦੀ ਉਸਾਰੀ ਦੇ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ, ਜੋ ਹਲਕਾ ਵਾਸੀਆਂ ਨੂੰ ਵਿਸ਼ਵਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ।

ਸਾਲ 2025 ਦੌਰਾਨ ਧੂਰੀ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਨੂੰ ਨਵੀਂ ਦਿਸ਼ਾ ਦਿੱਤੀ ਗਈ। 3.35 ਕਰੋੜ ਰੁਪਏ ਦੀ ਲਾਗਤ ਨਾਲ ਇਤਿਹਾਸਿਕ ਕ੍ਰਾਂਤੀ ਚੌਕ, ਐੱਮਸੀ ਪਾਰਕ, ਇਨਡੋਰ ਸਪੋਰਟਸ ਹਾਲ ਅਤੇ ਪਟਵਾਰ ਖਾਨੇ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ।

ਇਸ ਦੇ ਨਾਲ ਹੀ ਧੂਰੀ ਸ਼ਹਿਰ ਦੀ ਪ੍ਰਮੁੱਖ ਸਿਨਮਾ ਰੋਡ ਨੂੰ 41 ਲੱਖ ਰੁਪਏ ਦੀ ਲਾਗਤ ਨਾਲ 116 ਐਲ.ਈ.ਡੀ. ਸਟਰੀਟ ਲਾਈਟਾਂ ਨਾਲ ਰੌਸ਼ਨ ਕਰਨ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਸ਼ਹਿਰ ਦੇ ਕੁੱਲ 3550 ਸਧਾਰਨ ਬਲਬ ਬਦਲ ਕੇ ਐਲ.ਈ.ਡੀ. ਲਾਈਟਾਂ ਲਗਾਈਆਂ ਗਈਆਂ, ਜਿਸ ਨਾਲ ਰਾਤ ਸਮੇਂ ਸੜਕਾਂ ਅਤੇ ਗਲੀਆਂ ਦੀ ਰੌਸ਼ਨੀ ਵਿੱਚ ਵੱਡਾ ਸੁਧਾਰ ਆਇਆ।

ਧੂਰੀ ਵਿਧਾਨ ਸਭਾ ਹਲਕੇ ਵਿੱਚ ਪਿੰਡਾਂ ਦੀਆਂ ਫਿਰਨੀਆਂ ਤੇ ਨਵੀਨੀਕਰਨ ਅਤੇ ਸੜਕਾਂ ਨੂੰ ਚੌੜਾ ਕਰਨ ਦਾ ਕੰਮ ਵੀ ਸਾਲ 2025 ਦੌਰਾਨ ਜੰਗੀ ਪੱਧਰ 'ਤੇ ਕੀਤਾ ਗਿਆ ਹੈ ਅਤੇ ਕਰੀਬ 100 ਕਰੋੜ ਰੁਪਏ ਨਾਲ ਸੜਕਾਂ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਵਿੱਚ 9 ਕਰੋੜ ਰੁਪਏ ਨਾਲ ਸ਼ਹਿਰ ਦੀਆਂ ਸੜਕਾਂ, 30 ਕਰੋੜ ਪਿੰਡਾਂ ਦੀਆਂ ਫਿਰਨੀਆਂ ਅਤੇ 58 ਕਰੋੜ ਮੁੱਖ ਸੜਕਾਂ ਦੇ ਨਵੀਨੀਕਰਨ 'ਤੇ ਖਰਚ ਕੀਤੇ ਜਾ ਰਹੇ ਹਨ। ਧੂਰੀ ਹਲਕੇ ਅੰਦਰ ਕਰੀਬ 329 ਕਰੋੜ ਰੁਪਏ ਨਾਲ 980 ਕੰਮ ਜਿਸ ਵਿੱਚ 43 ਕੰਮ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, 48 ਕੰਮ ਪੰਜਾਬ ਮੰਡੀ ਬੋਰਡ, 130 ਕੰਮ ਪੰਚਾਇਤੀ ਰਾਜ ਵਿਭਾਗ, 24 ਲੋਕ ਨਿਰਮਾਣ ਵਿਭਾਗ, 80 ਕੰਮ ਸਿੱਖਿਆ ਵਿਭਾਗ, 37 ਨਗਰ ਕੌਂਸਲ ਧੂਰੀ, 369 ਕੰਮ ਬੀ.ਡੀ.ਪੀ.ਓ. ਧੂਰੀ ਅਤੇ 121 ਕੰਮ ਬੀ.ਡੀ.ਪੀ.ਓ. ਸ਼ੇਰਪੁਰ ਵੱਲੋਂ ਮੁਕੰਮਲ ਕਰ ਦਿੱਤੇ ਗਏ ਹਨ। ਕੁਲ ਮਿਲਾ ਕੇ ਸਾਲ 2025 ਦੌਰਾਨ ਧੂਰੀ ਹਲਕੇ ਵਿੱਚ ਸੜਕਾਂ, ਸਿੱਖਿਆ, ਖੇਡਾਂ ਅਤੇ ਜਨਤਕ ਢਾਂਚੇ ਨਾਲ ਸੰਬੰਧਤ ਕੀਤੇ ਗਏ ਇਹ ਵਿਕਾਸ ਕਾਰਜ ਇਸ ਗੱਲ ਦਾ ਪ੍ਰਮਾਣ ਹਨ ਕਿ ਧੂਰੀ ਦਾ ਸਰਬਪੱਖੀ ਵਿਕਾਸ ਕਰਕੇ ਇਸ ਨੂੰ ਮਾਡਲ ਸ਼ਹਿਰ ਵਜੋਂ ਤਿਆਰ ਕੀਤਾ ਗਿਆ ਹੈ।

## ਸਾਲ 2025 ਦਾ ਲੇਖਾ ਜੋਖਾ-ਬਿਜਲੀ ਵਿਭਾਗ

# ਪੰਜਾਬ ਵਿੱਚ ਬਿਜਲੀ ਕਨੈਕਸ਼ਨ ਪ੍ਰਕਿਰਿਆ ਸਰਲ: 'ਰੌਸ਼ਨ ਪੰਜਾਬ' ਨਾਲ ਭਵਿੱਖ-ਤਿਆਰ ਪਾਵਰ ਗ੍ਰਿਡ ਦੀ ਨੀਂਹ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਬਿਜਲੀ, ਉਦਯੋਗ ਅਤੇ ਵਪਾਰ, ਨਿਵੇਸ਼ ਪ੍ਰੋਤਸਾਹਨ ਅਤੇ ਐਨਆਰਆਈ ਮਾਮਲਿਆਂ ਦੇ ਕੈਬਿਨੇਟ ਮੰਤਰੀ ਸੰਜੀਵ ਅਰੋੜਾ ਨੇ ਅੱਜ ਕਿਹਾ ਕਿ ਸਾਲ 2025 ਦੌਰਾਨ ਬਿਜਲੀ ਵਿਭਾਗ ਵੱਲੋਂ ਰਾਜ ਵਿੱਚ ਭਰੋਸੇਯੋਗ ਬਿਜਲੀ ਸਪਲਾਈ, ਉਪਭੋਗਤਾ-ਅਨੁਕੂਲ ਸੇਵਾਵਾਂ ਅਤੇ ਆਧੁਨਿਕ ਬਿਜਲੀ ਬੁਨਿਆਦੀ ਢਾਂਚੇ ਲਈ ਵਿਸ਼ਤ੍ਰਿਤ ਸੁਧਾਰ ਕੀਤੇ ਗਏ ਹਨ।

ਬਿਜਲੀ ਕਨੈਕਸ਼ਨਾਂ ਵਿੱਚ ਸਹੂਲਤ ਅਤੇ ਉਪਭੋਗਤਾ-ਮਿੱਤਰ ਸੁਧਾਰ

ਅਰੋੜਾ ਨੇ ਦੱਸਿਆ ਕਿ ਹੁਣ ਪੀਐਸਪੀਸੀਐਲ ਵੱਲੋਂ ਬਿਨਾਂ ਕਿਸੇ ਐਨਓਸੀ ਦੇ ਬਿਜਲੀ ਕਨੈਕਸ਼ਨ ਜਾਰੀ ਕੀਤੇ ਜਾਣਗੇ, ਬਸ਼ਰਤੇ ਅਰਜ਼ੀਕਾਰ ਵੱਲੋਂ ਲਾਜ਼ਮੀ ਅੰਡਰਟੇਕਿੰਗ ਜਮ੍ਹਾਂ ਕਰਵਾਈ ਜਾਵੇ। ਬਿਜਲੀ ਕਨੈਕਸ਼ਨ ਲਈ ਅਰਜ਼ੀ ਫਾਰਮ ਸਰਲ ਬਣਾਏ ਗਏ ਹਨ ਅਤੇ ਰਿਕਾਰਡਾਂ ਦੀ ਡਿਜ਼ੀਟਲਾਈਜ਼ੇਸ਼ਨ ਪ੍ਰਾਥਮਿਕਤਾ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

ਈਜ਼ ਆਫ਼ ਡੂਇੰਗ ਬਿਜ਼ਨਸ ਨੂੰ ਹੋਰ ਉਤਸ਼ਾਹਿਤ ਕਰਨ ਲਈ, ਪੀਐਸਪੀਸੀਐਲ ਵੱਲੋਂ ਕ੍ਰਿਸ਼ੀ ਸ਼੍ਰੇਣੀ ਤੋਂ ਇਲਾਵਾ ਸਾਰੇ ਉਪਭੋਗਤਾਵਾਂ ਲਈ ਟੈਸਟ ਰਿਪੋਰਟ ਜਮ੍ਹਾਂ ਕਰਨ ਅਤੇ ਉਸਦੀ ਜਾਂਚ ਦੀ ਸ਼ਰਤ ਖਤਮ ਕਰ ਦਿੱਤੀ ਗਈ ਹੈ। ਐਲਟੀ ਸ਼੍ਰੇਣੀ ਅਧੀਨ 50 ਕਿਲੋਵਾਟ ਤੱਕ ਲੋਡ ਵਾਲੇ ਨਵੇਂ ਕਨੈਕਸ਼ਨ, ਵਾਧੂ ਲੋਡ ਜਾਂ ਲੋਡ ਘਟਾਉਣ ਲਈ ਹੁਣ ਕਿਸੇ ਲਾਇਸੈਂਸ ਪ੍ਰਾਪਤ ਠੇਕੇਦਾਰ ਵੱਲੋਂ ਟੈਸਟ ਰਿਪੋਰਟ ਜਾਂ ਸਵੈ-ਪ੍ਰਮਾਣ ਪੱਤਰ ਦੀ ਲੋੜ ਨਹੀਂ ਰਹੀ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਰਾਜ ਭਰ ਵਿੱਚ ਲਟਕ ਰਹੀਆਂ ਤਾਰਾਂ ਨੂੰ ਠੀਕ ਕਰਨ, ਸੜਕਾਂ ਉੱਤੇ ਬਿਜਲੀ ਦੇ ਖੰਭਿਆਂ ਦੀ ਗਿਣਤੀ ਘਟਾਉਣ ਅਤੇ ਸੁਰੱਖਿਆ ਤੇ ਸੁੰਦਰਤਾ ਸੁਧਾਰਨ ਲਈ ਇੱਕ ਵਿਸ਼ੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਇਸ ਤਹਿਤ ਨਵੀਆਂ ਕੇਬਲਾਂ, ਡਿਸਟ੍ਰੀਬਿਊਸ਼ਨ ਬਾਕਸ ਲਗਾਏ ਜਾ ਰਹੇ ਹਨ ਅਤੇ ਜ਼ਰੂਰਤ ਅਨੁਸਾਰ ਟ੍ਰਾਂਸਫ਼ਾਰਮਰ ਅਪਗ੍ਰੇਡ ਕੀਤੇ ਜਾ ਰਹੇ ਹਨ। ਇਸ ਯੋਜਨਾ ਦਾ ਪਾਇਲਟ ਪ੍ਰੋਜੈਕਟ ਇੱਕ ਸਬ-ਡਿਵਿਜ਼ਨ ਵਿੱਚ ਸਫਲਤਾਪੂਰਵਕ ਪੂਰਾ ਹੋ ਚੁੱਕਾ ਹੈ, ਅਤੇ ਹੁਣ ਬਾਕੀ 86 ਸਬ-ਡਿਵਿਜ਼ਨਾਂ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ।

ਘਰੇਲੂ ਉਪਭੋਗਤਾਵਾਂ ਨੂੰ ਮੁਫ਼ਤ ਬਿਜਲੀ

ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਾਰੇ ਘਰੇਲੂ ਉਪਭੋਗਤਾਵਾਂ (ਡੀਐਸ ਸ਼੍ਰੇਣੀ) ਨੂੰ ਪ੍ਰਤੀ ਮਹੀਨਾ 300 ਯੂਨਿਟ ਜਾਂ ਦੋ ਮਹੀਨੇ ਵਿੱਚ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ, ਜੋ ਸਿਰਫ਼ ਰਿਹਾਇਸ਼ੀ ਵਰਤੋਂ ਲਈ ਹੈ ਅਤੇ ਮੰਜ਼ੂਰਸ਼ੁਦਾ ਲੋਡ ਤੋਂ ਬਿਨਾਂ ਕਿਸੇ ਭੇਦਭਾਵ ਦੇ ਹੈ।

ਇਸ ਦੇ ਨਤੀਜੇ ਵਜੋਂ ਰਾਜ ਦੇ ਲਗਭਗ 90 ਫ਼ੀਸਦੀ ਘਰੇਲੂ ਉਪਭੋਗਤਾਵਾਂ ਨੂੰ ਜ਼ੀਰੋ ਬਿਜਲੀ ਬਿੱਲ ਪ੍ਰਾਪਤ ਹੋਏ ਹਨ।

ਕ੍ਰਿਸ਼ੀ ਖੇਤਰ ਅਤੇ ਨਿਰਵਿਘਨ ਬਿਜਲੀ ਸਪਲਾਈ

ਪੰਜਾਬ ਨੇ ਧਾਨ ਸੀਜ਼ਨ ਦੌਰਾਨ ਕ੍ਰਿਸ਼ੀ ਖੇਤਰ ਨੂੰ 8 ਘੰਟਿਆਂ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ। ਇਸ ਦੌਰਾਨ ਉਦਯੋਗਿਕ, ਘਰੇਲੂ ਜਾਂ ਵਪਾਰਕ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਬਿਜਲੀ ਕਟੌਤੀ ਨਹੀਂ ਲਗਾਈ ਗਈ।

'ਰੌਸ਼ਨ ਪੰਜਾਬ' ਪਹਲ: 5,000 ਕਰੋੜ ਦਾ ਪਾਵਰ ਇੰਫ਼ਰਾਸਟਰਕਚਰ ਅਭਿਆਨ

'ਰੌਸ਼ਨ ਪੰਜਾਬ' ਨਾਮਕ ਮੁੱਖ ਪਹਲ ਬਾਰੇ ਜਾਣਕਾਰੀ ਦਿੰਦਿਆਂ ਅਰੋੜਾ ਨੇ ਕਿਹਾ ਕਿ ਇਸ ਵਿਸ਼ਾਲ ਯੋਜਨਾ ਅਧੀਨ 5,000 ਕਰੋੜ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸਨੂੰ ਹਿੱਸੇਵਾਰ ਤੌਰ 'ਤੇ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ ਹੇਠ ਵਿੱਤ ਪੋਸ਼ਿਤ ਕੀਤਾ ਜਾ ਰਿਹਾ ਹੈ। ਇਸ ਦਾ ਮਕਸਦ ਸਾਲ 2027 ਤੱਕ ਉਦਯੋਗ, ਘਰਾਂ ਅਤੇ ਖੇਤਾਂ ਲਈ ਭਵਿੱਖ-ਤਿਆਰ ਅਤੇ ਮਜ਼ਬੂਤ ਬਿਜਲੀ ਗ੍ਰਿਡ ਤਿਆਰ ਕਰਨਾ ਹੈ।

ਰੌਸ਼ਨ ਪੰਜਾਬ ਦੇ ਮੁੱਖ ਅੰਗ:

ਸਬ-ਸਟੇਸ਼ਨ ਮਜ਼ਬੂਤੀਕਰਨ

70 ਨਵੇਂ ਸਬ-ਸਟੇਸ਼ਨਾਂ ਦਾ ਨਿਰਮਾਣ

200 ਮੌਜੂਦਾ ਸਬ-ਸਟੇਸ਼ਨਾਂ ਦੀ ਵੱਡੇ ਪੱਧਰ 'ਤੇ ਮਜ਼ਬੂਤੀ

ਲਾਈਨ ਨੈੱਟਵਰਕ ਦਾ ਵਿਸਥਾਰ

ਸਮਰੱਥਾ ਵਧਾਉਣ ਅਤੇ ਤਕਨੀਕੀ ਨੁਕਸਾਨ ਘਟਾਉਣ ਲਈ 25,000 ਕਿਲੋਮੀਟਰ ਤੋਂ ਵੱਧ ਬਿਜਲੀ ਲਾਈਨਾਂ ਦਾ ਨਿਰਮਾਣ ਅਤੇ ਅਪਗ੍ਰੇਡੇਸ਼ਨ

ਫੀਡਰ ਅਤੇ ਟ੍ਰਾਂਸਫ਼ਾਰਮਰ ਅਪਗ੍ਰੇਡ

2,000 ਨਵੇਂ ਫੀਡਰ ਜੋੜੇ ਜਾਣਗੇ ਅਤੇ 3,000 ਮੌਜੂਦਾ ਫੀਡਰਾਂ ਦਾ ਅਪਗ੍ਰੇਡ

3,600 ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫ਼ਾਰਮਰਾਂ ਦੀ ਸਥਾਪਨਾ

4,300 ਪੁਰਾਣੇ ਟ੍ਰਾਂਸਫ਼ਾਰਮਰਾਂ ਦਾ ਅਪਗ੍ਰੇਡ, ਤਾਂ ਜੋ ਵੋਲਟੇਜ ਸਥਿਰ ਰਹੇ ਅਤੇ ਸਥਾਨਕ ਖਰਾਬੀਆਂ ਘੱਟ ਹੋਣ

ਉਦਯੋਗ-ਮਿੱਤਰ ਕਦਮ

ਮੰਤਰੀ ਨੇ ਕਿਹਾ ਕਿ ਮੌਜੂਦਾ ਉਦਯੋਗਿਕ ਉਪਭੋਗਤਾਵਾਂ ਨੂੰ ਹੁਣ 15 ਦਿਨਾਂ ਦੇ ਅੰਦਰ 10 ਫ਼ੀਸਦੀ ਤੱਕ (ਜਾਂ ਵੱਧ ਤੋਂ ਵੱਧ 500 ਕੇਵੀਏ, ਜੋ ਵੀ ਘੱਟ ਹੋਵੇ) ਵਾਧੂ ਕਾਂਟ੍ਰੈਕਟ ਡਿਮਾਂਡ ਦੀ ਮਨਜ਼ੂਰੀ ਦਿੱਤੀ ਜਾ ਰਹੀ ਹੈ, ਜੋ ਕਿ ਤਿੰਨ ਸਾਲਾਂ ਵਿੱਚ ਇੱਕ ਵਾਰ ਹੋਵੇਗੀ।

ਇਸ ਤੋਂ ਇਲਾਵਾ, 500 ਕੇਵੀਏ ਤੋਂ ਵੱਧ ਅਤੇ 2000 ਕੇਵੀਏ ਤੱਕ ਦੀ ਮੰਗ ਲਈ ਹੁਣ ਕਿਸੇ ਵੀ ਤਰ੍ਹਾਂ ਦੀ ਫ਼ੀਜ਼ੀਬਿਲਟੀ ਕਲੀਅਰੈਂਸ ਦੀ ਲੋੜ ਨਹੀਂ ਰਹੀ, ਜਿਸ ਨਾਲ ਉਦਯੋਗਾਂ ਨੂੰ ਬਿਜਲੀ ਕਨੈਕਸ਼ਨ ਜਲਦੀ ਮਿਲ ਸਕੇਗਾ।

ਰਿਕਾਰਡ ਬਿਜਲੀ ਮੰਗ ਦੀ ਸਫਲ ਪੂਰਤੀ

ਪੰਜਾਬ ਨੇ 5 ਜੁਲਾਈ 2025 ਨੂੰ ਇਤਿਹਾਸਕ ਤੌਰ 'ਤੇ ਸਭ ਤੋਂ ਵੱਧ 16,670 ਮੇਗਾਵਾਟ ਦੀ ਪੀਕ ਬਿਜਲੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ, ਜੋ ਪਿਛਲੇ ਸਾਲ ਇਸੇ ਦਿਨ ਦਰਜ 14,961 ਮੇਗਾਵਾਟ ਨਾਲੋਂ 11.42 ਫ਼ੀਸਦੀ ਵੱਧ ਸੀ।

ਇਸ ਨਾਲ 28 ਜੂਨ 2025 ਨੂੰ ਦਰਜ 16,428 ਮੇਗਾਵਾਟ ਅਤੇ ਇਸ ਤੋਂ ਪਹਿਲਾਂ 29 ਜੂਨ 2024 ਦੇ 16,058 ਮੇਗਾਵਾਟ ਦੇ ਪੁਰਾਣੇ ਰਿਕਾਰਡ ਵੀ ਟੁੱਟ ਗਏ।

ਪੀਐਸਪੀਸੀਐਲ ਦੀ ਮਜ਼ਬੂਤੀ ਅਤੇ ਰੋਜ਼ਗਾਰ ਸਿਰਜਣਾ

ਅਰੋੜਾ ਨੇ ਦੱਸਿਆ ਕਿ ਸਾਲ 2022 ਤੋਂ ਹੁਣ ਤੱਕ ਪੀਐਸਪੀਸੀ ਐਲ/ਪੀਐਸਟ ਸੀਐਲ ਵਿੱਚ 8,984 ਉਮੀਦਵਾਰਾਂ ਦੀ ਭਰਤੀ ਕੀਤੀ ਗਈ ਹੈ, ਜੋ ਸਰਕਾਰ ਦੀ ਰੋਜ਼ਗਾਰ ਸਿਰਜਣ ਪ੍ਰਤੀ ਪੱਕੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



ਵਿੱਤੀ ਸਾਲ 2024-25 ਦੌਰਾਨ ਪੀਐਸਪੀਸੀਐਲ ਨੇ 2,630 ਕਰੋੜ ਦਾ ਮੁਨਾਫ਼ਾ ਕਮਾਇਆ, ਜਿਸ ਨਾਲ ਇਸਦੀ ਵਿੱਤੀ ਸਥਿਤੀ ਹੋਰ ਮਜ਼ਬੂਤ ਹੋਈ। ਨਾਲ ਹੀ, ਕ੍ਰਿਸ਼ੀ ਉਪਭੋਗਤਾਵਾਂ ਤੋਂ ਇਲਾਵਾ ਡਿਫ਼ਾਲਟਰ ਉਪਭੋਗਤਾਵਾਂ ਲਈ ਇੱਕਮੁਸ਼ਤ ਸਮਾਧਾਨ ਯੋਜਨਾ ਵੀ ਲਾਗੂ ਕੀਤੀ ਗਈ।

ਗੁਰੂ ਅਮਰਦਾਸ ਥਰਮਲ ਪਲਾਂਟ ਦਾ ਅਧਿਗ੍ਰਹਣ ਅਤੇ ਪੁਨਰਜਾਗਰਣ

ਫ਼ਰਵਰੀ 2024 ਵਿੱਚ ਪੀਐਸਪੀਸੀਐਲ ਵੱਲੋਂ ਅਧਿਗ੍ਰਹਣ ਤੋਂ ਬਾਅਦ ਗੁਰੂ ਅਮਰਦਾਸ ਥਰਮਲ ਪਾਵਰ ਪਲਾਂਟ, ਗੋਇੰਦਵਾਲ ਸਾਹਿਬ ਵਿੱਚ ਮਹੱਤਵਪੂਰਨ ਸੁਧਾਰ ਦਰਜ ਕੀਤਾ ਗਿਆ ਹੈ। ਜੁਲਾਈ 2025 ਵਿੱਚ ਇਸ ਦਾ ਪਲਾਂਟ ਲੋਡ ਫੈਕਟਰ ਲਗਭਗ 82 ਫ਼ੀਸਦੀ ਤੱਕ ਪਹੁੰਚ ਗਿਆ, ਜਦਕਿ ਅਧਿਗ੍ਰਹਣ ਤੋਂ ਪਹਿਲਾਂ ਅਪ੍ਰੈਲ 2016 ਤੋਂ ਜਨਵਰੀ 2024 ਤੱਕ ਇਹ ਔਸਤਨ ਸਿਰਫ਼ 34 ਫ਼ੀਸਦੀ ਸੀ।

ਟ੍ਰਾਂਸਮਿਸ਼ਨ ਸਮਰੱਥਾ ਵਿੱਚ ਵਾਧਾ

ਪੰਜਾਬ ਦੀ ਟ੍ਰਾਂਸਮਿਸ਼ਨ ਸਮਰੱਥਾ ਅਪ੍ਰੈਲ 2022 ਵਿੱਚ 7400/8000 ਮੇਗਾਵਾਟ ਤੋਂ ਵਧ ਕੇ ਹੁਣ 10,400/10,900 ਮੇਗਾਵਾਟ ਹੋ ਗਈ ਹੈ, ਜਿਸ ਨਾਲ ਰਾਸ਼ਟਰੀ ਗ੍ਰਿਡ ਤੋਂ ਵੱਧ ਬਿਜਲੀ ਆਯਾਤ ਕਰਨਾ ਸੰਭਵ ਹੋਇਆ ਹੈ। ਅਪ੍ਰੈਲ 2025 ਤੱਕ ਬਿਜਲੀ ਅਤੇ ਸਿਵਲ ਕੰਮਾਂ 'ਤੇ 4,620.5 ਕਰੋੜ ਦਾ ਖਰਚਾ ਕੀਤਾ ਜਾ ਚੁੱਕਾ ਹੈ।

ਕਰਮਚਾਰੀਆਂ ਲਈ ਸੁਰੱਖਿਆ, ਮੁਆਵਜ਼ਾ ਅਤੇ ਚਿਕਿਤਸਾ ਸੁਵਿਧਾਵਾਂ ਵਿੱਚ ਵਾਧਾ

ਮੰਤਰੀ ਨੇ ਦੱਸਿਆ ਕਿ ਡਿਊਟੀ ਦੌਰਾਨ ਘਾਤਕ ਹਾਦਸੇ ਵਿੱਚ ਨਿਯਮਿਤ ਕਰਮਚਾਰੀਆਂ ਲਈ ਐਕਸ-ਗ੍ਰੇਸ਼ੀਆ ਰਕਮ 30 ਲੱਖ ਤੋਂ ਵਧਾ ਕੇ 35 ਲੱਖ ਕਰ ਦਿੱਤੀ ਗਈ ਹੈ ਆਊਟਸੋਰਸ ਕਰਮਚਾਰੀਆਂ ਲਈ ਮੁਆਵਜ਼ਾ 30 ਲੱਖ ਕੀਤਾ ਗਿਆ ਹੈ। ਡਿਊਟੀ ਦੌਰਾਨ ਜ਼ਖ਼ਮੀ ਨਿਯਮਿਤ ਕਰਮਚਾਰੀਆਂ ਲਈ ਮੈਡੀਕਲ ਅਡਵਾਂਸ 3 ਲੱਖ ਤੋਂ ਵਧਾ ਕੇ 10 ਲੱਖ ਕੀਤਾ ਗਿਆ ਹੈ। ਆਊਟਸੋਰਸ ਕਰਮਚਾਰੀਆਂ ਲਈ 3 ਲੱਖ ਤੱਕ ਮੈਡੀਕਲ ਅਡਵਾਂਸ ਦੀ ਸਹੂਲਤ ਦਿੱਤੀ ਗਈ ਹੈ।


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


PACIFIC ATLANTIC
INSURANCE SERVICES INC.
AGENCY LIC# 6022536
ਕਿਸੇ ਵੀ ਤਰ੍ਹਾਂ ਦੀ insurance ਕਰਾਉਣ ਲਈ ਕਾਲ ਕਰੋ
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
ਟਰੱਕਇੰਗ ਬਿਜ਼ਨਸ (ਟਰੱਕ /ਟ੍ਰੇਲਰ) ਦੀ ਇੰਸ਼ੋਰੈਂਸ
ਕਮਰਸ਼ੀਅਲ ਪ੍ਰਾਪਰਟੀ ਦੀ ਇੰਸ਼ੋਰੈਂਸ
ਕਾਰੋਬਾਰ ਦੀ ਇੰਸ਼ੋਰੈਂਸ
ਕਾਰ ਜਾਂ ਘਰ ਦੀ ਇੰਸ਼ੋਰੈਂਸ
ਅਸੀਂ Compatible ਰੇਟ ਦਿੰਦੇ ਹਾਂ, ਕਿਤੇ ਹੋਰ ਜਾਣ ਤੋਂ ਪਹਿਲਾ ਸਾਡੇ ਰੇਟ ਜਰੂਰ ਚੈੱਕ ਕਰੋ
ਅਤੇ Free QUOTE ਲਈ ਕਾਲ ਕਰੋ
ਸੰਪਰਕ ਕਰੋ
Farhan Ali
CLIENT RELATIONS MANAGER
Jessie Ghangas
BROKER AGENT CA LIC# 0171673
(916)800-9828
621 Houston Street W. Sacramento, CA 95691
OFFICE : (530)556-8004
Support@pacificatlanticsvs.com | www.pacificatlanticsvs.com
ਅਸੀਂ ਪੰਜਾਬੀ ਹਿੰਦੀ ਉਰਦੂ ਇੰਗਲਿਸ਼ ਅਤੇ ਸਪੇਨਿਸ਼ ਵਿਚ ਗੱਲ ਕਰ ਸਕਦੇ ਹਾਂ
VISIT US ON :

# ਆਧੁਨਿਕ ਯੁੱਗ ਵਿੱਚ ਅਧਿਆਤਮਿਕਤਾ ਦੀ ਮੁੜ ਖੋਜ:ਵਿਸ਼ਵਾਸ ਪਛਾਣ ਅਤੇ ਕਰੀਅਰ ਵਿਚਕਾਰ ਇੱਕ ਬਦਲਦਾ ਭਾਰਤੀ ਸਮਾਜ-ਇੱਕ ਵਿਆਪਕ ਅੰਤਰਰਾਸ਼ਟਰੀ ਵਿਸ਼ਲੇਸ਼ਣ




ਵਿਸ਼ਵ ਪੱਧਰ 'ਤੇ, ਪਿਛਲੇ ਕੁਝ ਸਾਲਾਂ ਵਿੱਚ, ਇਹ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਅਧਿਆਤਮਿਕਤਾ ਦਾ ਸੁਭਾਅ ਤੇਜ਼ੀ ਨਾਲ ਬਦਲ ਰਿਹਾ ਹੈ,ਨਾ ਸਿਰਫ਼ ਭਾਰਤੀ ਸਮਾਜ ਵਿੱਚ ਸਗੋਂ ਪੂਰੀ ਦੁਨੀਆ ਵਿੱਚ। ਇੱਕ ਸਮਾਂ ਸੀ ਜਦੋਂ ਅਧਿਆਤਮਿਕਤਾ ਤਪੱਸਿਆ, ਤਿਆਗ, ਚੁੱਪ ਅਤੇ ਲੰਬੇ ਸਮੇਂ ਤੱਕ ਧਿਆਨ ਨਾਲ ਜੁੜੀ ਹੋਈ ਸੀ, ਪਰ ਅੱਜ ਇਹ ਸਟੇਜ, ਮਾਈਕ੍ਰੋਫ਼ੋਨ, ਕੈਮਰੇ, ਸੋਸ਼ਲ ਮੀਡੀਆ ਅਤੇ ਵੱਡੀ ਭੀੜ ਵਿੱਚ ਦਿਖਾਈ ਦੇ ਰਿਹਾ ਹੈ। ਕਹਾਣੀਕਾਰ ਨੂੰ ਬਾਬਾ ਜੀ ਕਹਿਣ ਦੀ ਪ੍ਰਥਾ ਨਾ ਸਿਰਫ਼ ਧਾਰਮਿਕ ਹੈ, ਸਗੋਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤਬਦੀਲੀ ਦੀ ਨਿਸ਼ਾਨੀ ਵੀ ਹੈ। ਇਹ ਤਬਦੀਲੀ ਨਾ ਤਾਂ ਪੂਰੀ ਤਰ੍ਹਾਂ ਸਕਾਰਾਤਮਕ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਨਕਾਰਾਤਮਕ; ਇਹ ਆਧੁਨਿਕ ਸਮਾਜ ਦੀਆਂ ਗੁੰਝਲਾਂ ਨੂੰ ਦਰਸਾਉਂਦਾ ਹੈ।ਮੈਂ, ਗੋਂਡੀਆ,ਮਹਾਰਾਸ਼ਟਰ ਦੇ ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਦਾ ਮੰਨਣਾ ਹੈ ਕਿ ਇਹ ਕਿਸੇ ਵਿਅਕਤੀ, ਸੰਪਰਦਾ ਜਾਂ ਕਹਾਣੀਕਾਰ 'ਤੇ ਟਿੱਪਣੀ ਜਾਂ ਵਿਅੰਗ ਨਹੀਂ ਹੈ, ਸਗੋਂ ਸਮਕਾਲੀ ਅਧਿਆਤਮਿਕ ਰੁਝਾਨਾਂ ਦੀ ਡੂੰਘੀ ਖੋਜ ਹੈ। ਭਾਰਤੀ ਸੰਵਿਧਾਨ ਦਾ ਅਨੁਛੇਦ 25 ਹਰੇਕ ਨਾਗਰਿਕ ਨੂੰ ਧਰਮ ਦਾ ਅਭਿਆਸ, ਅਭਿਆਸ ਅਤੇ ਪ੍ਰਚਾਰ ਕਰਨ ਦੀ ਆਜ਼ਾਦੀ ਦਿੰਦਾ ਹੈ।ਇਹ ਇਸ ਸੰਵਿਧਾਨਕ ਅਧਿਕਾਰ ਦੇ ਅੰਦਰ ਹੈ ਕਿ ਕਹਾਣੀਕਾਰਾਂ, ਬਾਬਿਆਂ ਅਤੇ ਅਧਿਆਤਮਿਕ ਆਗੂਆਂ ਦਾ ਉਭਾਰ ਸੰਭਵ ਹੈ। ਸੰਵਿਧਾਨ ਕਿਸੇ ਨੂੰ ਵੀ ਅਧਿਆਤਮਿਕ ਮਾਰਗ ਅਪਣਾਉਣ, ਕਹਾਣੀਆਂ ਸੁਣਾਉਣ ਜਾਂ ਪੈਰੋਕਾਰ ਪ੍ਰਾਪਤ ਕਰਨ ਤੋਂ ਨਹੀਂ ਰੋਕਦਾ।ਹਾਲਾਂਕਿ, ਲੋਕਤੰਤਰ ਸਿਰਫ਼ ਅਧਿਕਾਰਾਂ ਬਾਰੇ ਨਹੀਂ ਹੈ, ਸਗੋਂ ਜ਼ਮੀਰ, ਜ਼ਿੰਮੇਵਾਰੀ ਅਤੇ ਚੇਤੰਨ ਨਾਗਰਿਕਤਾ ਬਾਰੇ ਵੀ ਹੈ। ਤੇਜ਼ੀ ਨਾਲ ਬਦਲਦੀ ਆਰਥਿਕਤਾ, ਪ੍ਰਤੀਯੋਗੀ ਜੀਵਨ ਸ਼ੈਲੀ ਅਤੇ ਸਮਾਜਿਕ ਅਸੁਰੱਖਿਆ ਦੇ ਵਿਚਕਾਰ, ਭਾਰਤੀ ਨਾਗਰਿਕ ਜੀਵਨ ਵਿੱਚ ਮਨ ਦੀ ਸ਼ਾਂਤੀ ਅਤੇ ਅਰਥ ਦੀ ਭਾਲ ਕਰ ਰਹੇ ਹਨ। ਇਹ ਖੋਜ ਲੋਕਤੰਤਰ ਦੇ ਅੰਦਰ ਹੋ ਰਹੀ ਹੈ। ਜਦੋਂ ਕਿ ਰਾਜ ਭੌਤਿਕ ਜ਼ਰੂਰਤਾਂ 'ਤੇ ਕੇਂਦ੍ਰਿਤ ਹੈ,ਨਾਗਰਿਕ ਅਧਿਆਤਮਿਕ ਸੰਤੁਲਨ ਦੀ ਭਾਲ ਕਰ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਅਧਿਆਤਮਿਕ ਪਲੇਟਫਾਰਮ ਭੀੜ ਨੂੰ ਖਿੱਚਦੇ ਹਨ। ਇਹ ਸਥਿਤੀ ਨਾ ਸਿਰਫ਼ ਲੋਕਤੰਤਰ ਦੀ ਅਸਫਲਤਾ ਨੂੰ ਦਰਸਾਉਂਦੀ ਹੈ,ਸਗੋਂ ਇਸਦੀਆਂ ਮਨੁੱਖੀ ਸੀਮਾਵਾਂ ਨੂੰ ਵੀ ਦਰਸਾਉਂਦੀ ਹੈ।ਪਰੰਪਰਾਗਤ ਭਾਰਤੀ ਸੱਭਿਆਚਾਰ ਵਿੱਚ, ਕਹਾਣੀਕਾਰ ਸਮਾਜ ਦਾ ਨੈਤਿਕ ਗੁਰੂ ਸੀ, ਜੋ ਰਾਮਾਇਣ, ਭਾਗਵਤ ਅਤੇ ਲੋਕ ਕਹਾਣੀਆਂ ਰਾਹੀਂ ਕਦਰਾਂ-ਕੀਮਤਾਂ ਪੈਦਾ ਕਰਦਾ ਸੀ। ਅੱਜ, ਕਹਾਣੀਕਾਰ ਦੀ ਭੂਮਿਕਾ ਬਦਲ ਰਹੀ ਹੈ। ਉਹ ਹੁਣ ਸਿਰਫ਼ ਸੱਭਿਆਚਾਰ ਦਾ ਧਾਰਨੀ ਨਹੀਂ ਹੈ, ਸਗੋਂ ਇੱਕ ਜਨਤਕ ਸ਼ਖ਼ਸੀਅਤ, ਇੱਕ ਪ੍ਰਭਾਵਸ਼ਾਲੀ ਬੁਲਾਰਾ, ਅਤੇ ਕਈ ਵਾਰ ਇੱਕ ਸਮਾਜਿਕ ਨੇਤਾ ਵੀ ਹੈ। ਇਹ ਤਬਦੀਲੀ ਇਸ ਗੱਲ ਦਾ ਸਬੂਤ ਹੈ ਕਿ ਸੱਭਿਆਚਾਰ ਸਥਿਰ ਨਹੀਂ ਰਹਿੰਦਾ ਸਗੋਂ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ।ਸੰਵਿਧਾਨਕ ਦ੍ਰਿਸ਼ਟੀਕੋਣ ਤੋਂ, ਆਧੁਨਿਕ ਯੁੱਗ ਵਿੱਚ, ਇਹ ਸਪੱਸ਼ਟ ਹੈ ਕਿ ਕੁਝ ਲੋਕ ਅਧਿਆਤਮਿਕਤਾ ਨੂੰ ਜੀਵਨ ਭਰ ਦਾ ਸਮਰਪਣ ਮੰਨਦੇ ਹਨ, ਜਦੋਂ ਕਿ ਦੂਸਰੇ, ਸਪੱਸ਼ਟ ਤੌਰ 'ਤੇ ਨਹੀਂ ਪਰ ਸ਼ਾਇਦ ਚੁੱਪ-ਚਾਪ, ਇਸਨੂੰ ਇੱਕ ਪੇਸ਼ੇ ਜਾਂ ਕਰੀਅਰ ਵਜੋਂ ਅਪਣਾਉਂਦੇ ਹਨ। ਸੰਵਿਧਾਨ ਇਸ ਭੇਦ 'ਤੇ ਫੈਸਲਾ ਨਹੀਂ ਕਰਦਾ। ਲੋਕਤੰਤਰ ਵਿੱਚ, ਇਹ ਨਾਗਰਿਕ ਦੀ ਆਜ਼ਾਦੀ ਹੈ। ਪਰ ਇੱਕ ਲੋਕਤੰਤਰੀ ਸਮਾਜ ਉਮੀਦ ਕਰਦਾ ਹੈ ਕਿ ਵਿਸ਼ਵਾਸ ਦੀ ਵਰਤੋਂ ਡਰ, ਅੰਧਵਿਸ਼ਵਾਸ ਜਾਂ ਵੰਡ ਲਈ ਨਹੀਂ, ਸਗੋਂ ਨੈਤਿਕਤਾ ਅਤੇ ਸਮਾਜਿਕ ਸਦਭਾਵਨਾ ਲਈ ਕੀਤੀ ਜਾਵੇ।

ਦੋਸਤੋ, ਜੇਕਰ ਅਸੀਂ ਅਧਿਆਤਮਿਕਤਾ ਪ੍ਰਤੀ ਵਧ ਰਹੀ ਖਿੱਚ 'ਤੇ ਵਿਚਾਰ ਕਰੀਏ: ਇੱਕ ਵਿਸ਼ਵਵਿਆਪੀ ਸਮਾਜਿਕ ਰੁਝਾਨ, ਤਾਂ ਅਸੀਂ ਦੇਖਦੇ ਹਾਂ ਕਿ ਆਧੁਨਿਕ ਯੁੱਗ ਵਿੱਚ, ਭੌਤਿਕ ਤਰੱਕੀ ਦੇ ਸਿਖਰ 'ਤੇ ਪਹੁੰਚਣ ਦੇ ਬਾਵਜੂਦ,ਵਿਅਕਤੀ ਮਾਨਸਿਕ ਅਸਥਿਰਤਾ ਇਕੱਲਤਾ, ਉਦਾਸੀ ਅਤੇ ਹੋਂਦ ਦੇ ਸੰਕਟ ਨਾਲ ਜੂਝ ਰਹੇ ਹਨ। ਯੋਗ, ਧਿਆਨ, ਚੇਤਨਾ, ਅਤੇ ਅਧਿਆਤਮਿਕ ਪ੍ਰਵਚਨ ਨਾ ਸਿਰਫ਼ ਭਾਰਤ ਵਿੱਚ, ਸਗੋਂ ਸੰਯੁਕਤ ਰਾਜ, ਯੂਰਪ, ਜਾਪਾਨ ਅਤੇ ਦੱਖਣ-ਪੂਰਬੀ ਏਸ਼ੀਆ ਵਰਗੇ ਖੇਤਰਾਂ ਵਿੱਚ ਵੀ ਤੇਜ਼ੀ ਨਾਲ ਵਧੇ ਹਨ। ਇਹ ਆਕਰਸ਼ਣ ਦਰਸਾਉਂਦਾ ਹੈ ਕਿ ਆਧੁਨਿਕ ਜੀਵਨ ਸ਼ੈਲੀ ਮਨੁੱਖੀ ਅੰਦਰੂਨੀ ਜ਼ਰੂਰਤਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਨ ਵਿੱਚ ਅਸਫਲ ਰਹੀ ਹੈ। ਅਜਿਹੀ ਸਥਿਤੀ ਵਿੱਚ, ਅਧਿਆਤਮਿਕਤਾ ਇੱਕ ਮਾਨਸਿਕ ਪਨਾਹ ਵਜੋਂ ਉੱਭਰਦੀ ਹੈ।

ਦੋਸਤੋ, ਜੇਕਰ ਅਸੀਂ "ਕਹਾਣੀਕਾਰ ਤੋਂ ਬਾਬਾਜੀ ਤੱਕ: ਪਛਾਣ ਨਿਰਮਾਣ ਦੀ ਇੱਕ ਨਵੀਂ ਪ੍ਰਕਿਰਿਆ" ਦੇ ਸੰਦਰਭ 'ਤੇ ਵਿਚਾਰ ਕਰੀਏ, ਤਾਂ ਅਸੀਂ ਪਾਉਂਦੇ ਹਾਂ ਕਿ ਰਵਾਇਤੀ ਭਾਰਤੀ ਸਮਾਜ ਵਿੱਚ, ਕਹਾਣੀਕਾਰ ਹੋਣਾ ਇੱਕ ਵਿਦਵਤਾਪੂਰਨ ਖੋਜ ਸੀ, ਜਿਸ ਲਈ ਧਰਮ ਗ੍ਰੰਥਾਂ, ਗੁਰੂ-ਚੇਲੇ ਪਰੰਪਰਾ ਅਤੇ ਸਾਲਾਂ ਦੀ ਤਪੱਸਿਆ ਦੀ ਡੂੰਘਾਈ ਨਾਲ ਅਧਿਐਨ ਦੀ ਲੋੜ ਹੁੰਦੀ ਸੀ। ਹਾਲਾਂਕਿ, ਅੱਜ, ਕਹਾਣੀ ਸੁਣਾਉਣਾ ਅਕਸਰ ਨਿੱਜੀ ਬ੍ਰਾਂਡਿੰਗ ਦਾ ਇੱਕ ਸਾਧਨ ਜਾਪਦਾ ਹੈ। ਕਹਾਣੀ ਸੁਣਾਉਣਾ ਹੁਣ ਸਿਰਫ਼ ਇੱਕ ਧਾਰਮਿਕ ਅਭਿਆਸ ਨਹੀਂ ਹੈ, ਸਗੋਂ ਪਛਾਣ ਨਿਰਮਾਣ ਦਾ ਇੱਕ ਸਾਧਨ ਵੀ ਹੈ। ਆਧੁਨਿਕ ਮੀਡੀਆ ਨੇ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਜਿੱਥੇ ਵਿਅਕਤੀ ਕੁਝ ਸਾਲਾਂ ਵਿੱਚ ਲੱਖਾਂ ਅਨੁਯਾਈਆਂ ਤੱਕ ਪਹੁੰਚ ਸਕਦੇ ਹਨ।ਅਧਿਆਤਮਿਕ ਸਮਰਪਣ ਜਾਂ ਕਰੀਅਰ ਵਿਕਲਪ: ਰੇਖਾ ਕਿੱਥੇ ਖਿੱਚਦੀ ਹੈ? - ਅੱਜ ਦੇ ਸਮੇਂ ਦੀ ਇੱਕ ਮਹੱਤਵਪੂਰਨ ਹਕੀਕਤ ਇਹ ਹੈ ਕਿ ਅਧਿਆਤਮਿਕਤਾ ਵਿੱਚ ਦਾਖਲ ਹੋਣ ਵਾਲਿਆਂ ਦੇ ਉਦੇਸ਼ ਇੱਕੋ ਜਿਹੇ ਨਹੀਂ ਹਨ। ਕੁਝ ਲੋਕ ਸੱਚਮੁੱਚ ਆਪਣਾ ਜੀਵਨ ਪਰਮਾਤਮਾ ਨੂੰ ਸਮਰਪਿਤ ਕਰਨਾ ਚਾਹੁੰਦੇ ਹਨ, ਜਦੋਂ ਕਿ ਦੂਸਰੇ ਇਸਨੂੰ ਇੱਕ ਸੁਰੱਖਿਅਤ, ਸਤਿਕਾਰਯੋਗ ਅਤੇ ਵਿੱਤੀ ਤੌਰ 'ਤੇ ਸਥਿਰ ਕਰੀਅਰ ਵਿਕਲਪ ਵਜੋਂ ਦੇਖਦੇ ਹਨ। ਇਹ ਟਕਰਾਅ ਸਿਰਫ਼ ਭਾਰਤ ਤੱਕ ਸੀਮਤ ਨਹੀਂ ਹੈ; ਪੱਛਮੀ ਦੇਸ਼ਾਂ ਵਿੱਚ ਵੀ ਅਧਿਆਤਮਿਕ ਕੋਚ, ਜੀਵਨ ਗੁਰੂ ਅਤੇ ਇਲਾਜ ਮਾਹਿਰ ਵਰਗੇ ਪੇਸ਼ੇ ਉਭਰ ਕੇ ਸਾਹਮਣੇ ਆਏ ਹਨ। ਸਵਾਲ ਇਹ ਨਹੀਂ ਹੈ ਕਿ ਅਧਿਆਤਮਿਕਤਾ ਵਿੱਚ ਕਰੀਅਰ ਸਹੀ ਹੈ ਜਾਂ ਗਲਤ,ਪਰ ਕੀ ਇਸਦਾ ਮੁੱਖ ਉਦੇਸ਼ ਸਵੈ-ਸੁਧਾਰ ਤੋਂ ਬਾਹਰੀ ਸਫਲਤਾ ਵੱਲ ਬਦਲਣਾ ਹੈ।

ਦੋਸਤੋ, ਜੇਕਰ ਅਸੀਂ "ਅਣਸੁਣੇ ਨਾਮ, ਜਾਣੂ ਕਹਾਣੀਆਂ: ਵਿਸ਼ਵਾਸ ਦਾ ਬਦਲਦਾ ਭੂਗੋਲ" ਦੇ ਵਿਸ਼ੇ 'ਤੇ ਵਿਚਾਰ ਕਰੀਏ, ਤਾਂ ਅਸੀਂ ਹੁਣ ਬਹੁਤ ਸਾਰੇ ਕਹਾਣੀਕਾਰਾਂ ਅਤੇ ਬਾਬਿਆਂ ਦੇ ਨਾਵਾਂ 'ਤੇ ਚਰਚਾ ਕਰ ਰਹੇ ਹਾਂ ਜਿਨ੍ਹਾਂ ਦਾ ਜ਼ਿਕਰ ਰਵਾਇਤੀ ਗ੍ਰੰਥਾਂ ਜਾਂ ਇਤਿਹਾਸਕ ਧਾਰਮਿਕ ਪਰੰਪਰਾਵਾਂ ਵਿੱਚ ਨਹੀਂ ਹੈ। ਫਿਰ ਵੀ, ਉਨ੍ਹਾਂ ਦੀਆਂ ਕਹਾਣੀਆਂ ਦਰਸ਼ਕਾਂ ਨੂੰ ਆਕਰਸ਼ਿਤ ਕਰਦੀਆਂ ਰਹਿੰਦੀਆਂ ਹਨ। ਇਹ ਸਥਿਤੀ ਦਰਸਾਉਂਦੀ ਹੈ ਕਿ ਆਧੁਨਿਕ ਸਮਾਜ ਵਿੱਚ, ਵਿਸ਼ਵਾਸ ਦਾ ਆਧਾਰ ਸਿਰਫ਼ ਗ੍ਰੰਥ ਜਾਂ ਪਰੰਪਰਾ ਨਹੀਂ ਹੈ, ਸਗੋਂ ਪੇਸ਼ਕਾਰੀ,ਭਾਸ਼ਾ,ਭਾਵਨਾਤਮਕ ਸਬੰਧ ਅਤੇ ਨਿੱਜੀ ਕਰਿਸ਼ਮਾ ਵੀ ਹੈ। ਇਹ ਇੱਕ ਨਵੀਂ ਕਿਸਮ ਦੀ ਭਾਵਨਾਤਮਕ ਅਧਿਆਤਮਿਕਤਾ ਦੇ ਉਭਾਰ ਨੂੰ ਦਰਸਾਉਂਦਾ ਹੈ। ਇਹ ਵਿਚਾਰ ਉਦੇਸ਼ਹੀਣ ਆਲੋਚਨਾ ਨਹੀਂ ਹੈ, ਸਗੋਂ ਸਮਕਾਲੀ ਹਕੀਕਤ ਦੀ ਸਵੀਕ੍ਰਿਤੀ ਹੈ। ਇਹ ਜ਼ਰੂਰੀ ਹੈ ਕਿ ਇਸ ਵਿਸ਼ੇ 'ਤੇ ਚਰਚਾ ਕਰਦੇ ਸਮੇਂ, ਅਸੀਂ ਕਿਸੇ ਵੀ ਕਹਾਣੀਕਾਰ ਜਾਂ ਬਾਬੇ ਦੇ ਚਰਿੱਤਰ 'ਤੇ ਸਵਾਲ ਉਠਾਉਣ ਤੋਂ ਬਚੀਏ।

ਸਮਾਜ ਦਾ ਹਰ ਵਿਅਕਤੀ ਆਪਣੇ ਅਨੁਭਵ, ਹਾਲਾਤਾਂ ਅਤੇ ਸਮਝ ਦੇ ਆਧਾਰ 'ਤੇ ਇੱਕ ਰਸਤਾ ਚੁਣਦਾ ਹੈ। ਇਹ ਲੇਖ ਕਿਸੇ 'ਤੇ ਵਿਅੰਗ ਜਾਂ ਟਿੱਪਣੀ ਨਹੀਂ ਕਰ ਰਿਹਾ ਹੈ, ਸਗੋਂ ਉਸ ਹਕੀਕਤ ਨੂੰ ਸਵੀਕਾਰ ਕਰ ਰਿਹਾ ਹੈ ਜੋ ਅਸੀਂ ਹਰ ਰੋਜ਼ ਦੇਖਦੇ ਹਾਂ। ਆਲੋਚਨਾ ਨਾਲੋਂ ਵੱਧ ਮਹੱਤਵਪੂਰਨ ਹੈ ਕਿ ਅਸੀਂ ਕਿਸ ਕਿਸਮ ਦੀ ਅਧਿਆਤਮਿਕਤਾ ਵੱਲ ਵਧ ਰਹੇ ਹਾਂ, ਇਸ ਬਾਰੇ ਆਤਮ-ਨਿਰੀਖਣ ਕਰਨਾ। ਪੰਜਾਹ ਸਾਲ ਪਹਿਲਾਂ ਅਤੇ ਅੱਜ: ਵਿਸ਼ਵਾਸ ਦਾ ਕੇਂਦਰ ਕਿਵੇਂ ਬਦਲਿਆ ਹੈ - ਲਗਭਗ ਪੰਜ ਦਹਾਕੇ ਪਹਿਲਾਂ ਤੱਕ, ਭਾਰਤੀ ਘਰਾਂ ਵਿੱਚ ਮੂਰਤੀਆਂ, ਸ਼ਾਸਤਰ ਅਤੇ ਪਰੰਪਰਾਗਤ ਰਸਮਾਂ ਪੂਜਾ ਦਾ ਕੇਂਦਰ ਸਨ। ਰਾਮ, ਕ੍ਰਿਸ਼ਨ, ਸ਼ਿਵ, ਦੁਰਗਾ ਅਤੇ ਹਨੂੰਮਾਨ ਵਰਗੇ ਦੇਵਤਿਆਂ ਨੂੰ ਜੀਵਨ ਦੇ ਨੈਤਿਕ ਮਾਰਗਦਰਸ਼ਕ ਮੰਨਿਆ ਜਾਂਦਾ ਸੀ। ਅੱਜ ਵੀ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ, ਪਰ ਉਨ੍ਹਾਂ ਦੇ ਨਾਲ, ਜੀਵਤ ਬਾਬਿਆਂ ਦੀ ਭੂਮਿਕਾ ਵਧੇਰੇ ਦ੍ਰਿਸ਼ਟੀਗਤ ਅਤੇ ਪ੍ਰਭਾਵਸ਼ਾਲੀ ਹੋ ਗਈ ਹੈ। ਦੇਵਤੇ ਹੁਣ ਤਸਵੀਰਾਂ ਅਤੇ ਮੰਦਰਾਂ ਤੱਕ ਸੀਮਤ ਹਨ, ਜਦੋਂ ਕਿ ਬਾਬਾਜੀ ਸਟੇਜ 'ਤੇ ਸੰਚਾਰ ਕਰਦੇ ਹਨ।

ਜੀਵਤ ਬਾਬਾਜੀ ਦਾ ਆਕਰਸ਼ਣ: ਸੰਚਾਰ, ਹੱਲ ਅਤੇ ਤਤਕਾਲਤਾ - ਆਧੁਨਿਕ ਮਨੁੱਖ ਤੁਰੰਤ ਹੱਲ ਭਾਲਦਾ ਹੈ। ਜੀਵਤ ਬਾਬਾਜੀ ਸਵਾਲਾਂ ਦੇ ਜਵਾਬ ਦਿੰਦੇ ਹਨ, ਸਮੱਸਿਆਵਾਂ 'ਤੇ ਟਿੱਪਣੀ ਕਰਦੇ ਹਨ, ਅਤੇ ਇੱਕ ਨਿੱਜੀ ਸੰਪਰਕ ਪ੍ਰਦਾਨ ਕਰਦੇ ਹਨ। ਇਹ ਅਨੁਭਵ ਤਸਵੀਰਾਂ ਜਾਂ ਸ਼ਾਸਤਰਾਂ ਰਾਹੀਂ ਸੰਭਵ ਨਹੀਂ ਹੈ। ਇਸ ਲਈ ਮੌਜੂਦਾ ਬਾਬਿਆਂ ਪ੍ਰਤੀ ਖਿੱਚ ਵਧੀ ਹੈ। ਇਹ ਸਿਰਫ਼ ਵਿਸ਼ਵਾਸ ਨਹੀਂ ਹੈ, ਸਗੋਂ ਸੰਚਾਰ ਦੀ ਜ਼ਰੂਰਤ ਵੀ ਹੈ।

ਦੋਸਤੋ, ਜੇਕਰ ਅਸੀਂ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਵਿਚਾਰ ਕਰੀਏ: ਅਧਿਆਤਮਿਕਤਾ ਲਈ ਇੱਕ ਨਵਾਂ ਪਲੇਟਫਾਰਮ, ਤਾਂ ਟੈਲੀਵਿਜ਼ਨ ਚੈਨਲ, ਯੂਟਿਊਬ, ਇੰਸਟਾਗ੍ਰਾਮ ਅਤੇ ਫੇਸਬੁੱਕ ਨੇ ਅਧਿਆਤਮਿਕਤਾ ਲਈ ਇੱਕ ਗਲੋਬਲ ਪਲੇਟਫਾਰਮ ਪ੍ਰਦਾਨ ਕੀਤਾ ਹੈ। ਹੁਣ, ਬਿਰਤਾਂਤ ਲੱਖਾਂ ਲੋਕਾਂ ਤੱਕ ਪਹੁੰਚਦਾ ਹੈ, ਸਿਰਫ਼ ਇੱਕ ਸੀਮਤ ਦਰਸ਼ਕਾਂ ਤੱਕ ਨਹੀਂ। ਇਹ ਵਿਸਥਾਰ ਅਧਿਆਤਮਿਕ ਸੰਦੇਸ਼ ਨੂੰ ਲੋਕਤੰਤਰੀ ਬਣਾਉਂਦਾ ਹੈ, ਪਰ ਸਤਹੀਪਣ ਦਾ ਜੋਖਮ ਵੀ ਪੈਦਾ ਕਰਦਾ ਹੈ। ਵਾਇਰਲ ਸਮੱਗਰੀ ਕਈ ਵਾਰ ਡੂੰਘੇ ਅਧਿਆਤਮਿਕ ਅਭਿਆਸ ਉੱਤੇ ਤਰਜੀਹ ਲੈਂਦੀ ਹੈ। ਵਿਸ਼ਵਾਸ ਅਤੇ ਬਾਜ਼ਾਰ ਇੱਕ ਗੁੰਝਲਦਾਰ ਸਬੰਧ ਸਾਂਝਾ ਕਰਦੇ ਹਨ - ਆਧੁਨਿਕ ਅਧਿਆਤਮਿਕਤਾ ਹੁਣ ਬਾਜ਼ਾਰ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਹੈ।ਆਸ਼ਰਮ, ਪ੍ਰਵਚਨ, ਪ੍ਰੋਗਰਾਮ, ਕਿਤਾਬਾਂ ਅਤੇ ਡਿਜੀਟਲ ਗਾਹਕੀਆਂ ਸਾਰੇ ਆਰਥਿਕ ਢਾਂਚੇ ਦਾ ਹਿੱਸਾ ਬਣ ਗਏ ਹਨ। ਇਹ ਨਾ ਤਾਂ ਪੂਰੀ ਤਰ੍ਹਾਂ ਅਨੁਚਿਤ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਢੁਕਵਾਂ ਹੈ; ਇਹ ਸਮੇਂ ਦੀਆਂ ਮੰਗਾਂ ਦਾ ਨਤੀਜਾ ਹੈ। ਪਰ ਸਵਾਲ ਇਹ ਹੈ: ਕੀ ਬਾਜ਼ਾਰ ਵਿਸ਼ਵਾਸ ਨੂੰ ਨਿਯੰਤਰਿਤ ਕਰ ਰਿਹਾ ਹੈ, ਜਾਂ ਵਿਸ਼ਵਾਸ ਬਾਜ਼ਾਰ ਨੂੰ ਮਾਰਗਦਰਸ਼ਨ ਕਰ ਰਿਹਾ ਹੈ?

ਦੋਸਤੋ,ਜੇਕਰ ਅਸੀਂ ਇਸ ਵਿਸ਼ੇ ਨੂੰ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਵਿਚਾਰੀਏ: ਭਾਰਤ ਇਕੱਲਾ ਨਹੀਂ ਹੈ, ਤਾਂ ਇਹ ਤਬਦੀਲੀ ਭਾਰਤੀ ਸਮਾਜ ਤੱਕ ਸੀਮਿਤ ਨਹੀਂ ਹੈ। ਅਮਰੀਕਾ ਵਿੱਚ ਟੈਲੀ-ਪ੍ਰਚਾਰਕਾਂ, ਯੂਰਪ ਵਿੱਚ ਅਧਿਆਤਮਿਕ ਪ੍ਰੇਰਕ ਬੁਲਾਰਿਆਂ ਅਤੇ ਏਸ਼ੀਆ ਵਿੱਚ ਧਿਆਨ ਗੁਰੂਆਂ ਤੋਂ, ਅਧਿਆਤਮਿਕਤਾ ਹਰ ਜਗ੍ਹਾ ਇੱਕ ਆਧੁਨਿਕ ਰੂਪ ਵਿੱਚ ਪ੍ਰਗਟ ਹੋ ਰਹੀ ਹੈ। ਭਾਰਤ ਇਸ ਵਿਸ਼ਵਵਿਆਪੀ ਰੁਝਾਨ ਦਾ ਇੱਕ ਪ੍ਰਮੁੱਖ ਕੇਂਦਰ ਹੈ, ਕਿਉਂਕਿ ਇਸਦੀ ਇੱਕ ਡੂੰਘੀ ਅਧਿਆਤਮਿਕ ਵਿਰਾਸਤ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ,ਤਾਂ ਸਾਨੂੰ ਵਿਸ਼ਵਾਸ ਨੂੰ ਸਮਝਣ ਦੀ ਜ਼ਰੂਰਤ ਮਿਲੇਗੀ। ਆਧੁਨਿਕ ਅਧਿਆਤਮਿਕਤਾ ਨਾ ਤਾਂ ਪੂਰੀ ਤਰ੍ਹਾਂ ਖੋਖਲੀ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਸ਼ੁੱਧ ਹੈ। ਇਹ ਸਾਡੇ ਸਮੇਂ ਦੀ ਇੱਕ ਪੈਦਾਵਾਰ ਹੈ, ਜਿੱਥੇ ਵਿਸ਼ਵਾਸ, ਪਛਾਣ, ਕਰੀਅਰ, ਅਤੇ ਬਾਜ਼ਾਰ ਆਪਸ ਵਿੱਚ ਜੁੜੇ ਹੋਏ ਹਨ। ਲੋੜ ਇਸ ਗੱਲ ਦੀ ਹੈ ਕਿ ਸਮਾਜ ਇੱਕ ਸਮਝਦਾਰ ਪਹੁੰਚ ਅਪਣਾਏ, ਸਵਾਲ ਪੁੱਛੇ, ਪਰ ਵਿਸ਼ਵਾਸ ਦਾ ਅਪਮਾਨ ਨਾ ਕਰੇ। ਅਧਿਆਤਮਿਕਤਾ ਦਾ ਅੰਤਮ ਉਦੇਸ਼ ਸਵੈ-ਬੋਧ, ਦਇਆ ਅਤੇ ਨੈਤਿਕ ਜੀਵਨ ਹੋਣਾ ਚਾਹੀਦਾ ਹੈ, ਭਾਵੇਂ ਇਹ ਮੰਦਰ ਵਿੱਚ ਪਾਇਆ ਜਾਵੇ ਜਾਂ ਸਟੇਜ 'ਤੇ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਅਤੇ ਮਾਤਾ ਗੁੱਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਕੱਢਿਆ ਗਿਆ




























# ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਅਤੇ ਮਾਤਾ ਗੁੱਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਕੱਢਿਆ ਗਿਆ





























# ਵਿਸ਼ਵਾਸ ਬਨਾਮ ਸਾਹ: ਕਬੂਤਰ, ਕਾਨੂੰਨ ਅਤੇ ਸਾਡੀ ਸਮੂਹਿਕ ਗੈਰ-ਜ਼ਿੰਮੇਵਾਰੀ

ਭਾਰਤ ਵਿੱਚ, ਵਿਸ਼ਵਾਸ ਅਕਸਰ ਤਰਕ 'ਤੇ ਭਾਰੂ ਹੁੰਦਾ ਹੈ। ਇਸੇ ਕਰਕੇ ਕਈ ਵਾਰ ਮੰਦਰ ਦੀਆਂ ਘੰਟੀਆਂ ਦੀ ਆਵਾਜ਼ ਦਮ ਘੁੱਟਣ ਵਾਲੀ ਆਵਾਜ਼ ਨਾਲੋਂ ਜ਼ਿਆਦਾ ਦਮ ਘੁੱਟਣ ਵਾਲੀ ਮਹਿਸੂਸ ਹੁੰਦੀ ਹੈ, ਪਰ ਅਸੀਂ ਸੁਣਨਾ ਨਹੀਂ ਚਾਹੁੰਦੇ। ਮੁੰਬਈ ਦੀ ਇੱਕ ਹਾਲੀਆ ਅਦਾਲਤ ਦਾ ਫੈਸਲਾ - ਜਨਤਕ ਸਥਾਨ 'ਤੇ ਕਬੂਤਰਾਂ ਨੂੰ ਖੁਆਉਣ 'ਤੇ 5,000 ਦਾ ਜੁਰਮਾਨਾ ਲਗਾਉਣਾ - ਇਸ ਟਕਰਾਅ ਦੀ ਇੱਕ ਸਪੱਸ਼ਟ ਅਤੇ ਦਲੇਰ ਉਦਾਹਰਣ ਹੈ। ਇਹ ਫੈਸਲਾ ਕਬੂਤਰਾਂ ਦੇ ਵਿਰੁੱਧ ਨਹੀਂ ਹੈ, ਸਗੋਂ ਉਸ ਮਾਨਸਿਕਤਾ ਦੇ ਵਿਰੁੱਧ ਹੈ ਜੋ ਭਾਵਨਾਤਮਕਤਾ ਦੇ ਨਾਮ 'ਤੇ ਵਿਗਿਆਨ, ਕਾਨੂੰਨ ਅਤੇ ਜਨਤਕ ਸਿਹਤ ਨੂੰ ਮਿੱਧਦੀ ਹੈ।

ਸਾਡੇ ਸਮਾਜ ਵਿੱਚ, ਕਬੂਤਰਾਂ ਨੂੰ ਖੁਆਉਣਾ ਇੱਕ "ਨੇਕ ਕਾਰਜ" ਮੰਨਿਆ ਜਾਂਦਾ ਹੈ। ਸਵੇਰੇ-ਸਵੇਰੇ, ਸਾਨੂੰ ਆਪਣੀ ਬਾਲਕੋਨੀ, ਛੱਤ ਜਾਂ ਪਾਰਕ ਵਿੱਚ ਮੁੱਠੀ ਭਰ ਅਨਾਜ ਸੁੱਟਣ ਵਿੱਚ ਸੰਤੁਸ਼ਟੀ ਦੀ ਭਾਵਨਾ ਮਿਲਦੀ ਹੈ - ਜਿਵੇਂ ਕਿ ਅਸੀਂ ਮਨੁੱਖਤਾ ਦੀ ਇੱਕ ਮਹੱਤਵਪੂਰਨ ਤਰੀਕੇ ਨਾਲ ਸੇਵਾ ਕੀਤੀ ਹੈ। ਪਰ ਸਵਾਲ ਇਹ ਹੈ: ਕੀ ਨਤੀਜਿਆਂ 'ਤੇ ਵਿਚਾਰ ਕੀਤੇ ਬਿਨਾਂ ਕੀਤੇ ਗਏ ਕਿਸੇ ਕੰਮ ਨੂੰ ਸੱਚਮੁੱਚ ਹਮਦਰਦੀ ਮੰਨਿਆ ਜਾ ਸਕਦਾ ਹੈ?

ਡਾਕਟਰੀ ਵਿਗਿਆਨ ਨੇ ਲਗਾਤਾਰ ਚੇਤਾਵਨੀ ਦਿੱਤੀ ਹੈ ਕਿ ਸੁੱਕੇ ਕਬੂਤਰ ਦੇ ਬੂੰਦਾਂ ਹਵਾ ਵਿੱਚ ਫੈਲ ਸਕਦੇ ਹਨ ਅਤੇ ਕ੍ਰਿਪਟੋਕੋਕੋਸਿਸ, ਹਿਸਟੋਪਲਾਸਮੋਸਿਸ, ਅਤਿ ਸੰਵੇਦਨਸ਼ੀਲਤਾ ਨਿਊਮੋਨਾਈਟਿਸ ਅਤੇ ਸਾਲਮੋਨੇਲਾ ਵਰਗੀਆਂ ਘਾਤਕ ਬਿਮਾਰੀਆਂ ਫੈਲਾ ਸਕਦੇ ਹਨ। ਇਹ ਬਿਮਾਰੀਆਂ ਕਾਲਪਨਿਕ ਡਰ ਨਹੀਂ ਹਨ, ਸਗੋਂ ਹਸਪਤਾਲਾਂ ਵਿੱਚ ਦਾਖਲ ਅਸਲ ਮਰੀਜ਼ਾਂ ਦੀਆਂ ਸੱਚੀਆਂ ਕਹਾਣੀਆਂ ਹਨ। ਦਮਾ, ਫੇਫੜਿਆਂ ਦੇ ਮਰੀਜ਼, ਬਜ਼ੁਰਗ ਅਤੇ ਬੱਚੇ - ਉਨ੍ਹਾਂ ਦੀਆਂ ਜਾਨਾਂ ਪਹਿਲਾਂ ਖ਼ਤਰੇ ਵਿੱਚ ਹਨ।

ਮੁੰਬਈ ਦੀ ਅਦਾਲਤ ਨੇ ਇਸ ਮਾਮਲੇ ਨੂੰ ਸਿਰਫ਼ ਨਗਰ ਨਿਗਮ ਦੇ ਹੁਕਮ ਦੀ ਉਲੰਘਣਾ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸਨੂੰ ਜਨਤਕ ਸਿਹਤ ਲਈ ਸਿੱਧਾ ਖ਼ਤਰਾ ਮੰਨਿਆ।

ਆਈਪੀਸੀ ਦੀਆਂ ਧਾਰਾਵਾਂ ਅਧੀਨ ਸਜ਼ਾ ਦਰਸਾਉਂਦੀ ਹੈ ਕਿ ਰਾਜ ਹੁਣ ਨਾ ਸਿਰਫ਼ ਬਿਮਾਰੀਆਂ ਦਾ ਇਲਾਜ ਕਰਨਾ ਚਾਹੁੰਦਾ ਹੈ, ਸਗੋਂ ਸਮਾਜਿਕ ਆਦਤਾਂ ਨੂੰ ਵੀ ਰੋਕਣਾ ਚਾਹੁੰਦਾ ਹੈ ਜੋ ਬਿਮਾਰੀ ਦਾ ਕਾਰਨ ਬਣਦੀਆਂ ਹਨ। ਇਹ ਦੇਸ਼ ਵਿੱਚ ਪਹਿਲੀ ਵਾਰ ਹੈ ਜਦੋਂ ਕਬੂਤਰਾਂ ਨੂੰ ਖੁਆਉਣ ਵਰਗੇ ਸਮਾਜਿਕ ਤੌਰ 'ਤੇ ਸਵੀਕਾਰਯੋਗ ਕੰਮ ਨੂੰ ਅਪਰਾਧ ਬਣਾਇਆ ਗਿਆ ਹੈ। ਇਹ ਫੈਸਲਾ ਦਰਸਾਉਂਦਾ ਹੈ ਕਿ ਕਾਨੂੰਨ ਹੁਣ ਭਾਵਨਾਵਾਂ ਦੁਆਰਾ ਨਹੀਂ, ਸਗੋਂ ਇਸਦੇ ਪ੍ਰਭਾਵ ਦੁਆਰਾ ਨਿਰਦੇਸ਼ਤ ਹੋਵੇਗਾ।

ਇਸ ਪੂਰੇ ਵਿਵਾਦ ਵਿੱਚ ਸਭ ਤੋਂ ਅਸੁਵਿਧਾਜਨਕ ਸਵਾਲ ਧਰਮ ਅਤੇ ਪਰੰਪਰਾ ਨਾਲ ਸਬੰਧਤ ਹੈ। ਕੁਝ ਲੋਕ ਇਸਨੂੰ ਵਿਸ਼ਵਾਸ 'ਤੇ ਹਮਲਾ ਕਹਿ ਰਹੇ ਹਨ, ਪਰ ਕੀ ਧਰਮ ਕਦੇ ਬਿਮਾਰੀ ਦੇ ਫੈਲਣ ਨੂੰ ਸਹਿਣ ਕਰਦਾ ਹੈ? ਕੀ ਕੋਈ ਧਾਰਮਿਕ ਗ੍ਰੰਥ ਕਦੇ ਯੋਗਤਾ ਪ੍ਰਾਪਤ ਕਰਨ ਲਈ ਦੂਜਿਆਂ ਦੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਣ ਦਾ ਹੁਕਮ ਦਿੰਦਾ ਹੈ? ਸਰਕਾਰ ਅਤੇ ਸਿਹਤ ਏਜੰਸੀਆਂ ਨੇ ਖੁਦ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਕਬੂਤਰਾਂ ਨੂੰ ਖੁਆਉਣਾ ਧਾਰਮਿਕ ਫ਼ਰਜ਼ ਨਹੀਂ ਹੈ, ਫਿਰ ਵੀ ਵਿਰੋਧ ਪ੍ਰਦਰਸ਼ਨ ਜਾਰੀ ਹਨ। ਅਸਲ ਵਿੱਚ, ਇਹ ਵਿਰੋਧ ਵਿਸ਼ਵਾਸ ਬਾਰੇ ਨਹੀਂ ਹੈ, ਸਗੋਂ ਜ਼ਿੱਦੀ ਹੈ - ਆਪਣੀਆਂ ਆਦਤਾਂ ਨੂੰ ਬਦਲਣ ਤੋਂ ਇਨਕਾਰ ਕਰਨ ਦਾ ਇੱਕ ਜ਼ਿੱਦੀ ਇਨਕਾਰ।

ਸ਼ਹਿਰ ਹੁਣ ਪਿੰਡ ਨਹੀਂ ਰਹੇ। ਸੰਘਣੀ ਆਬਾਦੀ, ਉੱਚੀਆਂ ਇਮਾਰਤਾਂ, ਸੀਮਤ ਹਵਾ ਅਤੇ ਸਾਂਝੀਆਂ ਥਾਵਾਂ ਦੇ ਨਾਲ, ਛੋਟੀ ਜਿਹੀ ਲਾਪਰਵਾਹੀ ਵੀ ਇੱਕ ਵੱਡੇ ਸੰਕਟ ਵਿੱਚ ਬਦਲ ਸਕਦੀ ਹੈ। ਬਾਲਕੋਨੀ ਵਿੱਚ ਛੱਡਿਆ ਅਨਾਜ ਨਾ ਸਿਰਫ਼ ਕਬੂਤਰਾਂ ਨੂੰ ਆਕਰਸ਼ਿਤ ਕਰਦਾ ਹੈ, ਸਗੋਂ ਆਪਣੇ ਨਾਲ ਬਿਮਾਰੀ, ਗੰਦਗੀ ਅਤੇ ਲਾਗ ਦੀ ਇੱਕ ਪੂਰੀ ਲੜੀ ਵੀ ਲਿਆਉਂਦਾ ਹੈ।

ਵਿਅੰਗਾਤਮਕ ਤੌਰ 'ਤੇ, ਉਹੀ ਲੋਕ ਜੋ ਮਾਸਕ, ਟੀਕਿਆਂ ਅਤੇ ਵਿਗਿਆਨਕ ਚੇਤਾਵਨੀਆਂ 'ਤੇ ਸਵਾਲ ਉਠਾਉਂਦੇ ਹਨ, ਉਹ ਨੇਕੀ ਦੇ ਨਾਮ 'ਤੇ, ਸ਼ਹਿਰਾਂ ਨੂੰ ਜੈਵਿਕ ਰਹਿੰਦ-ਖੂੰਹਦ ਦੇ ਕੂੜੇਦਾਨ ਵਿੱਚ ਬਦਲ ਰਹੇ ਹਨ।

ਇਸ ਬਹਿਸ ਵਿੱਚ, ਇਹ ਸਪੱਸ਼ਟ ਕਰਨਾ ਮਹੱਤਵਪੂਰਨ ਹੈ ਕਿ ਕਬੂਤਰਾਂ ਦਾ ਕੋਈ ਕਸੂਰ ਨਹੀਂ ਹੈ। ਉਹ ਸਿਰਫ਼ ਆਪਣੀ ਕੁਦਰਤੀ ਪ੍ਰਵਿਰਤੀ ਅਨੁਸਾਰ ਆਪਣੀ ਜ਼ਿੰਦਗੀ ਜੀ ਰਹੇ ਹਨ। ਅਸੀਂ ਦੋਸ਼ੀ ਹਾਂ - ਸਾਡੀ ਗੈਰ-ਵਿਗਿਆਨਕ ਭਾਵਨਾਤਮਕਤਾ, ਸਹੂਲਤ ਵਿੱਚ ਸਾਡਾ ਵਿਸ਼ਵਾਸ, ਅਤੇ ਸਾਡੀ ਸਮੂਹਿਕ ਗੈਰ-ਜ਼ਿੰਮੇਵਾਰੀ। ਜੇਕਰ ਤੁਸੀਂ ਸੱਚਮੁੱਚ ਹਮਦਰਦੀ ਦਿਖਾਉਣਾ ਚਾਹੁੰਦੇ ਹੋ, ਤਾਂ ਇਸਨੂੰ ਨਿਯੰਤਰਿਤ, ਸੁਰੱਖਿਅਤ ਅਤੇ ਵਿਗਿਆਨਕ ਤਰੀਕਿਆਂ ਨਾਲ ਕਰੋ - ਜਾਨਵਰ ਭਲਾਈ ਸੰਗਠਨਾਂ ਰਾਹੀਂ, ਖੁੱਲ੍ਹੀਆਂ ਜਨਤਕ ਥਾਵਾਂ 'ਤੇ ਨਹੀਂ।

ਮੁੰਬਈ ਦੀ ਅਦਾਲਤ ਦਾ ਇਹ ਫੈਸਲਾ ਇੱਕ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਵਿਸ਼ਵਾਸ ਨਿੱਜੀ ਹੋ ਸਕਦਾ ਹੈ, ਪਰ ਇਸਦਾ ਪ੍ਰਭਾਵ ਜਨਤਕ ਜੀਵਨ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਦਇਆ ਦਾ ਮਤਲਬ ਜ਼ਰੂਰੀ ਤੌਰ 'ਤੇ ਨੁਕਸਾਨ ਨਹੀਂ ਹੈ, ਅਤੇ ਕਾਨੂੰਨ ਹੁਣ ਇਸ ਭੇਦ ਨੂੰ ਮਾਨਤਾ ਦੇ ਰਿਹਾ ਹੈ। ਇਹ ਫੈਸਲਾ ਇੱਕ ਸ਼ਹਿਰ ਜਾਂ ਇੱਕ ਕੇਸ ਤੱਕ ਸੀਮਿਤ ਨਹੀਂ ਹੈ, ਸਗੋਂ ਪੂਰੇ ਦੇਸ਼ ਲਈ ਇੱਕ ਚੇਤਾਵਨੀ ਵਜੋਂ ਕੰਮ ਕਰਦਾ ਹੈ: ਜੇਕਰ ਅਸੀਂ ਸਮੇਂ ਸਿਰ ਆਪਣੀਆਂ ਆਦਤਾਂ ਨਹੀਂ ਬਦਲਦੇ, ਤਾਂ "ਵਿਸ਼ਵਾਸ" ਵੀ ਆਪਣੇ ਆਪ ਨੂੰ ਕਟਹਿਰੇ ਵਿੱਚ ਪਾਵੇਗਾ।

ਅੱਜ, ਸਾਨੂੰ ਨੇਕੀ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਹੈ। ਇੱਕ ਅਜਿਹਾ ਕੰਮ ਜੋ ਇੱਕ ਬੱਚੇ ਦੀ ਜਾਨ ਲੈ ਲੈਂਦਾ ਹੈ, ਨੇਕੀ ਨਹੀਂ ਹੋ ਸਕਦਾ। ਵਿਸ਼ਵਾਸ ਜੋ ਹਸਪਤਾਲਾਂ ਦੀਆਂ ਕਤਾਰਾਂ ਵਧਾਉਂਦਾ ਹੈ, ਸ਼ੁੱਧ ਨਹੀਂ ਹੋ ਸਕਦਾ। ਮੁੰਬਈ ਦੀ ਇਹ ਅਦਾਲਤ ਦਾ ਫੈਸਲਾ ਕਬੂਤਰਾਂ ਦੇ ਵਿਰੁੱਧ ਨਹੀਂ ਹੈ, ਸਗੋਂ ਬੇਲਗਾਮ ਭਾਵਨਾਤਮਕਤਾ ਦੇ ਵਿਰੁੱਧ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਮਨੁੱਖ ਹੋਣ ਦੀ ਪਹਿਲੀ ਸ਼ਰਤ ਦੂਜੇ ਮਨੁੱਖ ਦੀ ਜ਼ਿੰਦਗੀ ਦੀ ਚਿੰਤਾ ਹੈ। ਜੇਕਰ ਵਿਸ਼ਵਾਸ ਸੱਚਮੁੱਚ ਸੱਚਾ ਹੈ, ਤਾਂ ਇਹ ਵਿਗਿਆਨ ਤੋਂ ਨਹੀਂ ਡਰੇਗਾ।



ਡਾ. ਸਤਿਆਵਾਨ ਸੌਰਭ,
ਕਵੀ, ਫ੍ਰੀਲਾਂਸ ਪੱਤਰਕਾਰ
ਬਰਵਾ (ਸਿਵਾਨੀ) ਭਿਵਾਨੀ,
9466526148,01255281381







# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# रस्म पगड़ी

''कबीरा जब हम आए जगत में, जग हंसा हम रोए। ऐसी करनी कर चले, हम हँसे जग रोए''



आपकी मधुर स्मृति, स्नेह आदर्श, मार्गदर्शन, आशीर्वाद हमारे लिए संदैव प्रेरणा स्त्रोत रहेंगे।

आप को बड़े दुःखी हृदय से सूचित किया जाता है कि हमारी आदरणीय

## स्व. श्रीमती संयोगिता रानी

तिथि 20 दिसंबर 2025 को प्रभु चरणों में विलीन हो गए हैं। उनकी

## रस्म पगड़ी

दिनांक 30 दिसंबर 2025, मंगलवार, स्थान मंदिर रामवाड़ा, नजदीक पार्क, जी.टी. रोड, रईया में 2 से 3 बजे संपन्न होगी।

**शोकाकुल परिवार**

**श्री अमरनाथ शर्मा (पति)**

संजीव शर्मा-नीतू शर्मा (पुत्र-पुत्रवधु), राजीव शर्मा (पुत्र), आदित्य शर्मा (पौत्र)

समस्त दवेसर परिवार ---- मो: 98777-74962, 99157-54435

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com



## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸਿੱਖਿਆ ਦੀ ਸੂਰਤ: ਬਦਲਦੇ ਸਮੇਂ ਵਿੱਚ ਬਦਲਦੀ ਵਿਵਸਥਾ

ਸਿੱਖਿਆ ਕਿਸੇ ਵੀ ਸਮਾਜ ਦੀ ਰੀੜ੍ਹ ਹੈ। ਇਹ ਨਾ ਸਿਰਫ਼ ਵਿਅਕਤੀ ਦੇ ਗਿਆਨ ਅਤੇ ਹੁਨਰ ਦਾ ਵਿਕਾਸ ਕਰਦਾ ਹੈ, ਸਗੋਂ ਸਮਾਜ ਦੀ ਸੋਚ, ਦਿਸ਼ਾ ਅਤੇ ਭਵਿੱਖ ਨੂੰ ਵੀ ਆਕਾਰ ਦਿੰਦਾ ਹੈ। ਪਰ ਅੱਜ ਜਦੋਂ ਅਸੀਂ ਸਿੱਖਿਆ ਦੀ ਦਿੱਖ 'ਤੇ ਨਜ਼ਰ ਮਾਰਦੇ ਹਾਂ, ਤਾਂ ਇਹ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਇਹ ਇੱਕ ਡੂੰਘੇ ਬਦਲਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ – ਜਿੱਥੇ ਉਮੀਦਾਂ ਵੀ ਹਨ, ਚੁਣੌਤੀਆਂ ਵੀ ਹਨ ਅਤੇ ਕਈ ਸਵਾਲ ਵੀ ਹਨ। ਰਵਾਇਤੀ ਸਿੱਖਿਆ ਤੋਂ ਆਧੁਨਿਕਤਾ ਤੱਕ ਇੱਕ ਸਮਾਂ ਸੀ ਜਦੋਂ ਸਿੱਖਿਆ ਦਾ ਅਰਥ ਕਿਤਾਬ, ਗੁਰੂ ਅਤੇ ਕਲਾਸ ਤੱਕ ਸੀਮਤ ਸੀ। ਅਨੁਸ਼ਾਸਨ, ਰਤੰਤ ਸਿੱਖਿਆ ਅਤੇ ਪ੍ਰੀਖਿਆਵਾਂ ਨੂੰ ਸਫਲਤਾ ਦਾ ਮਾਪ ਮੰਨਿਆ ਜਾਂਦਾ ਸੀ। ਅੱਜ ਸਿੱਖਿਆ ਦਾ ਘੇਰਾ ਕਿਤੇ ਫੈਲ ਗਿਆ ਹੈ। ਡਿਜੀਟਲ ਕਲਾਸਰੂਮ, ਔਨਲਾਈਨ ਕੋਰਸ, ਸਮਾਰਟ ਬੋਰਡ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਸਾਧਨ ਸਿੱਖਿਆ ਨੂੰ ਨਵੀਂ ਦਿਸ਼ਾ ਦੇ ਰਹੇ ਹਨ। ਹੁਣ ਸਿੱਖਣਾ ਸਿਰਫ਼ ਸਕੂਲ ਜਾਂ ਕਾਲਜ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਘਰ, ਮੋਬਾਈਲ ਅਤੇ ਲੈਪਟਾਪ ਤੱਕ ਪਹੁੰਚ ਗਿਆ ਹੈ।

ਤਕਨਾਲੋਜੀ ਦਾ ਵਧਦਾ ਪ੍ਰਭਾਵ

ਤਕਨਾਲੋਜੀ ਨੇ ਸਿੱਖਿਆ ਨੂੰ ਲੋਕਤੰਤਰੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਔਨਲਾਈਨ ਪਲੇਟਫਾਰਮਾਂ ਨੇ ਦੂਰ-ਦੁਰਾਡੇ ਦੇ ਵਿਦਿਆਰਥੀਆਂ ਨੂੰ ਵੀ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਦਿੱਤੀ।ਈ-ਲਰਨਿੰਗ, ਵੀਡੀਓ ਲੈਕਚਰ ਅਤੇ ਵਰਚੁਅਲ ਲੈਬਸ ਨੇ ਸਿੱਖਣ ਨੂੰ ਵਧੇਰੇ ਦਿਲਚਸਪ ਅਤੇ ਲਚਕਦਾਰ ਬਣਾਇਆ ਹੈ।

ਪਰ ਇਸਦੇ ਨਾਲ ਹੀ ਡਿਜੀਟਲ ਵੰਡ ਦੀ ਸਮੱਸਿਆ ਵੀ ਉੱਭਰ ਗਈ ਹੈ। ਅੱਜ ਵੀ ਬਹੁਤ ਸਾਰੇ ਬੱਚੇ ਹਨ ਜਿਨ੍ਹਾਂ ਕੋਲ ਇੰਟਰਨੈੱਟ, ਸਮਾਰਟਫੋਨ ਜਾਂ ਸਹੀ ਸਰੋਤ ਨਹੀਂ ਹਨ। ਇਸ ਤਰ੍ਹਾਂ ਦੀ ਤਕਨੀਕ ਜਿੱਥੇ ਕੁਝ ਲੋਕਾਂ ਲਈ ਵਰਦਾਨ ਹੈ, ਉੱਥੇ ਇਹ ਦੂਜਿਆਂ ਲਈ ਇੱਕ ਨਵੀਂ ਰੁਕਾਵਟ ਵੀ ਬਣ ਰਹੀ ਹੈ। ਸਿੱਖਿਆ

ਅਤੇ ਰੁਜ਼ਗਾਰ ਵਿਚਕਾਰ ਵਧਦੀ ਪਾੜ੍ਹਾ

ਅੱਜ ਦੇ ਸਿੱਖਿਆ ਪ੍ਰਣਾਲੀ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰ ਰਹੀ ਹੈ, ਪਰ ਰੁਜ਼ਗਾਰ ਲਈ ਲੋੜੀਂਦੇ ਹੁਨਰ ਨਹੀਂ ਦੇ ਸਕਦੀ। ਕਿਤਾਬਾਂ ਦੇ ਗਿਆਨ ਅਤੇ ਵਿਹਾਰਕ ਜੀਵਨ ਵਿਚਕਾਰ ਪਾੜ੍ਹਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਕਰਕੇ ਵੱਡੀ ਗਿਣਤੀ ਵਿੱਚ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਹੁਣ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਹੁਨਰ ਅਧਾਰਤ, ਅਨੁਭਵੀ ਅਤੇ ਸਮੱਸਿਆ-ਹੱਲ ਕਰਨ 'ਤੇ ਕੇਂਦ੍ਰਿਤ ਹੋਵੇ।

ਅਧਿਆਪਕ ਦੀ ਭੂਮਿਕਾ ਵਿੱਚ ਬਦਲਾਅ

ਪਹਿਲਾਂ ਅਧਿਆਪਕ ਗਿਆਨ ਦਾ ਇੱਕੋ ਇੱਕ ਸਰੋਤ ਹੁੰਦਾ ਸੀ, ਅੱਜ ਉਹ ਇੱਕ ਮਾਰਗਦਰਸ਼ਕ ਅਤੇ ਸਲਾਹਕਾਰ ਦੀ ਭੂਮਿਕਾ ਨਿਭਾ ਰਿਹਾ ਹੈ। ਤਕਨੀਕੀ ਯੁੱਗ ਵਿੱਚ ਅਧਿਆਪਕ ਦਾ ਕੰਮ ਸਿਰਫ਼ ਪੜ੍ਹਾਉਣਾ ਹੀ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਸੋਚਣ ਦੀ ਸਮਰੱਥਾ, ਨੈਤਿਕ ਮੁੱਲ ਅਤੇ ਉਤਸੁਕਤਾ ਪੈਦਾ ਕਰਨਾ ਵੀ ਹੈ। ਇਸ ਲਈ ਅਧਿਆਪਕਾਂ ਦੀ ਨਿਰੰਤਰ ਸਿਖਲਾਈ ਅਤੇ ਸਨਮਾਨ ਬਹੁਤ ਜ਼ਰੂਰੀ ਹੈ।

ਮਾਨਸਿਕ ਸਿਹਤ ਅਤੇ ਸਿੱਖਿਆ

ਮੁਕਾਬਲਾ, ਅੰਕਾਂ ਦੀ ਦੌੜ ਅਤੇ ਕਰੀਅਰ ਦਾ ਦਬਾਅ ਅੱਜ ਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪਾ ਰਿਹਾ ਹੈ। ਸਿੱਖਿਆ ਦੀ ਦਿੱਖ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਬਦਲ ਸਕਦੀ ਜਦੋਂ ਤੱਕ ਇਹ ਬੱਚਿਆਂ ਨੂੰ ਨਾ ਸਿਰਫ਼ ਸਫਲ, ਸਗੋਂ ਸੰਤੁਲਿਤ ਅਤੇ ਸੰਵੇਦਨਸ਼ੀਲ ਇਨਸਾਨ ਵੀ ਬਣਾਉਂਦੀ ਹੈ। ਇਸ ਲਈ ਜੀਵਨ ਹੁਨਰ, ਕਲਾ, ਖੇਡਾਂ ਅਤੇ ਮਾਨਸਿਕ ਸਿਹਤ ਨੂੰ ਪਾਠਕ੍ਰਮ ਵਿੱਚ ਢੁਕਵਾਂ ਸਥਾਨ ਦੇਣਾ ਜ਼ਰੂਰੀ ਹੈ।

ਨਵੀਂ ਸਿੱਖਿਆ ਨੀਤੀ ਅਤੇ ਉਮੀਦਾਂ

ਨਵੀਆਂ ਸਿੱਖਿਆ ਨੀਤੀਆਂ ਬਹੁ-ਭਾਸ਼ਾਈ ਸਿੱਖਿਆ, ਰਚਨਾਤਮਕ ਸੋਚ, ਲਚਕਤਾ ਅਤੇ ਸਥਾਨਕ ਸੰਦਰਭਾਂ 'ਤੇ ਜ਼ੋਰ ਦਿੰਦੀਆਂ ਹਨ। ਜੇਕਰ ਇਹਨਾਂ ਨੂੰ ਜ਼ਮੀਨੀ ਪੱਧਰ 'ਤੇ ਸਹੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ, ਤਾਂ ਸਿੱਖਿਆ ਦਾ ਰੂਪ ਅਸਲ ਵਿੱਚ ਬਦਲ ਸਕਦਾ ਹੈ ਅਜਿਹੀ ਸਿੱਖਿਆ ਜੋ ਬੋਝ ਨਹੀਂ, ਸਗੋਂ ਅਨੰਦ ਬਣ ਜਾਂਦੀ ਹੈ।

ਸਿੱਟਾ


ਸਿੱਖਿਆ ਦਾ ਸੂਰਤ ਅੱਜ ਇੱਕ ਚੌਰਾਹੇ 'ਤੇ ਖੜ੍ਹਾ ਹੈ। ਇੱਕ ਪਾਸੇ ਤਕਨਾਲੋਜੀ, ਨਵੀਨਤਾ ਅਤੇ ਨਵੇਂ ਮੌਕੇ ਹਨ, ਦੂਜੇ ਪਾਸੇ ਅਸਮਾਨਤਾ, ਬੇਰੁਜ਼ਗਾਰੀ ਅਤੇ ਮਾਨਸਿਕ ਦਬਾਅ ਵਰਗੇ ਮੁੱਦੇ ਹਨ। ਲੋੜ ਇਹ ਹੈ ਕਿ ਸਿੱਖਿਆ ਨੂੰ ਸਿਰਫ਼ ਪ੍ਰੀਖਿਆਵਾਂ ਅਤੇ ਨੌਕਰੀਆਂ ਨਾਲ ਜੋੜ ਕੇ ਨਹੀਂ ਦੇਖਿਆ ਜਾਵੇ, ਸਗੋਂ ਇਸਨੂੰ ਮਨੁੱਖ ਬਣਾਉਣ ਦੀ ਪ੍ਰਕਿਰਿਆ ਸਮਝਿਆ ਜਾਵੇ। ਜਦੋਂ ਸਿੱਖਿਆ ਸੋਚਣਾ, ਸਮਝਣਾ ਅਤੇ ਸਮਾਜ ਲਈ ਜ਼ਿੰਮੇਵਾਰ ਨਾਗਰਿਕ ਬਣਾਉਣਾ ਸ਼ੁਰੂ ਕਰ ਦੇਵੇਗੀ – ਉਦੋਂ ਹੀ ਉਸਦੀ ਸੂਰਤ ਅਸਲ ਵਿੱਚ ਸਾਨਵਰ ਪ੍ਰਾਪਤ ਕਰੇਗੀ।




Now Open New Banquet Hall in Sacramento
For more info: Contact Paul : (916)334-6000



ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# "ਕੀ ਤੁਸੀਂ ਆਪਣੇ ਘਰ, ਗੱਡੀ, ਪਰਿਵਾਰ ਜਾਂ ਕਾਰੋਬਾਰ ਦੀ ਸੁਰੱਖਿਆ ਲਈ ਇੰਸ਼ੋਰੈਂਸ ਲੱਭ ਰਹੇ ਹੋ ?


FARMERS INSURANCE

## ਨਵਨੀਤ ਕੌਰ INSURANCE AGENCY

------------- "ਤੁਹਾਡਾ ਸੁਆਗਤ ਹੈ" -------------

"ਅਸੀਂ ਤੁਹਾਡੀ ਹਰ ਲੋੜ ਲਈ ਇੰਸ਼ੋਰੈਂਸ ਪੌਲਿਸੀਆਂ ਵੇਚਦੇ ਹਾਂ, ਜਿਵੇਂ :

ਆਟੋ





ਹੋਮ



ਲਾਈਫ



ਵਪਾਰਕ ਇੰਸ਼ੋਰੈਂਸ



"ਸਾਡੇ ਕੋਲ ਖੇਤਾਂ, ਪਹਾੜਾਂ ਅਤੇ ਕਸਟਮ ਬਿਲਡ ਘਰਾਂ ਦੀ ਵੀ ਇੰਸ਼ੋਰੈਂਸ ਉਪਲਬਧ ਹੈ ਇਸ ਤੋਂ ਇਲਾਵਾ, ਅਸੀਂ ਨੌਨ-ਸਟੈਂਡਰਡ ਆਟੋ ਪੌਲਿਸੀਜ਼ ਵੀ ਕਰਦੇ ਹਾਂ!"

**Get a free Quote**



KANWALJIT SINGH
(Insurance Agent)

## "ਸਾਡੇ ਨਾਲ ਸੰਪਰਕ ਕਰੋ :

ਫ਼ੋਨ ਨੰਬਰ: (209) 672-4539

ਪਤਾ :- 17416 Murphy Pkwy, Lathrop, CA 95330

ਨਵਨੀਤ ਕੌਰ ਫਾਰਮਰ ਇੰਸ਼ੋਰੈਂਸ – ਜਿੱਥੇ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ!"


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਭਵ ਸਾਗਰ

ਜਿਸਦਾ ਯਾਰ ਯਗਾਨਾ ਹੋਵਸੀ,
ਸੌਵੇਂ ਬਾਂਹ ਧਰ ਸੀਨੇ।
ਤੀਆਂ ਵਾਗੂੰ ਬੀਤਣ ਘੜੀਆਂ,
ਸੁਹਣੇ ਸਾਲ ਮਹੀਨੇ।
'ਰੂਪ' ਸ਼ਾਇਰਾ ਉਹ ਖੱਟਣ ਲਾਹਾ,
ਲੱਭਣ ਯਾਰ ਨਗੀਨੇ।
ਸਦਾ ਰਜਾ ਸੱਜਣ ਦੀ ਰਹੀਏ,
ਤਿੰਨ ਪੰਜ ਨ ਕਰੀਏ।
ਜਿਹੜੇ ਖੂਹ ਵਿਚ ਸੱਜਣ ਡਿੱਗੇ,
ਓਸੇ ਖੂਹੇ ਮਰੀਏ।
'ਰੂਪ' ਸ਼ਾਇਰਾ ਭਵ ਸਾਗਰ ਤਾਈਂ,
ਫੁੱਲ ਬਣ ਕੇ ਤਰੀਏ।
ਸੱਜਣ ਦਿੱਸੇ ਦੂਰ ਤੋਂ ਆਉਂਦਾ,
ਝੂਮ ਉੱਠਣ ਗਲੀਆਂ।
ਰੂਹ ਦੇ ਵਿਹੜੇ ਭੰਗੜਾ ਪੈਂਦਾ,
ਵਰਸਣ ਫੁੱਲ ਕਲੀਆਂ।
'ਰੂਪ' ਸ਼ਾਇਰਾ ਖੁੰਝੀਆਂ ਰੂਹਾਂ।
ਬਿਰਹਾ ਅੰਦਰ ਜਲੀਆਂ।
ਉੱਠ ਮਨਾ ਚੱਲ ਦਰ ਸੱਜਣ ਦੇ,
ਦੁਆ ਸਲਾਮ ਕਹੀਏ।
ਹੋਈ ਖਤਾ ਦੀ ਖਿਮਾ ਮੰਗ ਕੇ,
ਭੁੱਲ ਬਖਸ਼ਾ ਲਈਏ।
'ਰੂਪ' ਸ਼ਾਇਰਾ ਦਿਲ ਇਕ ਨੂੰ ਦੇ ਕੇ,
ਉਹਦੇ ਹੋ ਕੇ ਰਹੀਏ।

**ਰੂਪ ਲਾਲ ਰੂਪ**
**ਪਿੰਡ ਭੇਲਾਂ ਡਾਕਖਾਨਾ ਨਾਜਕਾ**
**ਜਿਲ੍ਹਾ ਜਲੰਧਰ (ਪੰਜਾਬ)**
94652-25722

# ਤੂੰ ਹਰ ਵਕਤ ਹੀ

ਤੂੰ ਹਰ ਵਕਤ ਹੀ,
ਲੋੜ ਬਣ ਕੇ,
ਜੀ ਰਹੀ ਹੈਂ ਜ਼ਿੰਦਗੀ।
ਤੂੰ ਹਰ ਵਕਤ ਹੀ,
ਥੋੜ੍ਹ ਬਣ ਕੇ,
ਗੁਜ਼ਰ ਰਹੀ ਹੈਂ ਜ਼ਿੰਦਗੀ।
ਕਦੇ ਸਬਰ ਦਾ,
ਘੁੱਟ ਭਰ ਕੇ,
ਕਿਉਂ ਨਹੀਂ ਜਿਉਂਦੀ,
ਦੱਸ ਦੇ ?
ਹਰ ਵਕਤ ਬੇ-ਜੋੜ ਬਣ ਕੇ,
ਜੀ ਰਹੀ ਹੈਂ ਜ਼ਿੰਦਗੀ।
ਲਾਲਸਾਵਾਂ, ਤਮੰਨਾਵਾਂ,
ਖ਼ਾਹਿਸ਼ਾਂ ਦਾ।
ਭਾਰ ਚੁੱਕੀ ਫਿਰ ਰਹੀ,
ਨਾ ਮੁੱਕਣ ਦੀ ,
ਹੋੜ੍ਹ ਬਣ ਕੇ।
ਵਿਚਰ ਰਹੀ ਹੈਂ ਜ਼ਿੰਦਗੀ।

**(ਜਸਪਾਲ ਜੱਸੀ)**

LARRY T. NIERMEYER

Attorney at Law
OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336





Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

# HOPE IMMIGRATION

*Where Hope Meets*

# IMMIGRATION OPPORTUNITIES

## USA SERVICES :

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

## INDIAN SERVICES :

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

SANJHI SOCH TV & DAILY NEWSPAPER




TO EXPAND YOUR BUSINESS
IN INDIAN COMMUNITY

Through Newspaper & T.V,
Advertise with us just as
low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ
ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com
Sanjhi Soch TV NRI

SANJHI SOCH

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ
ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।
ਸੰਪਰਕ: +1 (209) 303-1260